ੴ ਵਾਹਿਗੁਰੂ ਜੀ ਕੀ ਫ਼ਤਹ

ਮਾਸਿਕ ਪੱਤਰ

# ਸੂਰਾ

ਲੁਧਿਆਣਾ

ਜਨਵਰੀ 2001

**SURA** Monthly
LUDHIANA

JANUARY 2001



## ਗੁਰਦੁਆਰਾ ਬਿਭੌਰ ਸਾਹਿਬ, ਨੰਗਲ

ਸਤਲੁਜ ਦੇ ਕੰਢੇ ਦਸਮ ਪਾਤਸ਼ਾਹ ਦਾ ਰਮਣੀਕ ਅਸਥਾਨ।
ਇਸ ਅਸਥਾਨ ਤੇ ਦਸਮ ਪਾਤਸ਼ਾਹ ਨੇ ਚੌਪਈ ਸਾਹਿਬ ਦੀ ਰਚਨਾ ਕੀਤੀ।

www.AKJ.org

ਸੂਰਾ ਵਾਸਤੇ ਚੰਦੇ ਤੇ ਹੋਰ ਰਕਮਾਂ ਹੇਠ ਲਿਖੀਆਂ ਥਾਵਾਂ ਤੇ ਜਮ੍ਹਾਂ ਕਰਵਾ ਕੇ ਰਸੀਦ ਲਓ ਜੀ।

1. ਲੁਧਿਆਣਾ: (ੳ) ਮੁੱਖ ਦਫ਼ਤਰ' ਸੂਰਾ, ਕੋਠੀ ਨੰ: 12 ਬਲਾਕ ਆਈ, ਭਾਈ ਰਣਧੀਰ ਸਿੰਘ ਨਗਰ।
(ਅ) ਸਬ-ਆਫਿਸ ਸੂਰਾ ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ। ਫੋਨ 428194
(ੲ) ਭਾਈ ਭੁਪਿੰਦਰ ਪਾਲ ਸਿੰਘ ਜੀ, ਪ੍ਰੀਤ ਸਿਲੈਕਸ਼ਨ, ਸਾਹਪੁਰ ਰੋਡ, ਨੇੜੇ ਸੁਭਾਨੀ ਬਿਲਡਿੰਗ, ਲੁਧਿਆਣਾ, ਫੋਨ 730604
(ਸ) ਸ: ਇਕਬਾਲ ਸਿੰਘ ਜੀ ਖਾਲਸਾ ਸ਼ਾਲਜ਼ ਮੋਚਪੁਰਾ ਬਜ਼ਾਰ, ਲੁਧਿਆਣਾ।
(ਹ) ਸ: ਅਜੀਤ ਸਿੰਘ 17/5 ਪਾਵਰ ਕਲੋਨੀ ਸਰਾਭਾ ਨਗਰ ਟੈਲੀਫੋਨ 458644, 459701

2. ਫਗਵਾੜਾ: ਮਾਸਟਰ ਗੁਰਦਿਆਲ ਸਿੰਘ ਜੀ, ਵਿਸ਼ਵਕਰਮਾ ਕਲੋਨੀ, ਨੇੜੇ ਵਿਸ਼ਵਕਰਮਾ ਮੰਦਰ, ਬੰਗਾ ਰੋਡ, ਫਗਵਾੜਾ। ਟੈਲੀਫੋਨ 68307

3. ਚੰਡੀਗੜ੍ਹ, ਮੋਹਾਲੀ: ਭਾਈ ਗੁਰਚਰਨ ਸਿੰਘ ਜੀ, ਮਕਾਨ ਨੰ: 236, ਵਾਰਡ ਨੰ: 1, ਚੰਡੀਗੜ੍ਹ ਰੋਡ, ਮੁੰਡੀ ਖਰੜ।
ਖਰੜ, ਮੋਰਿੰਡਾ: ਟੈਲੀ: 01888-46036

4. ਕਪੂਰਥਲਾ: ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ।

5 ਪਟਿਆਲਾ: 1. ਸੰਦੀਪ ਪਾਲ ਸਿੰਘ s/o ਸ੍ਰ ਰਵੇਲ ਸਿੰਘ 654/3 ਖਾਲਸਾ ਮੁਹੱਲਾ ਧਰਮਪੁਰਾ ਬਜ਼ਾਰ ਪਟਿਆਲਾ ਟੈਲੀ 228703
2 ਸੁਲੱਖਣ ਸਿੰਘ ਖਾਲਸਾ ਨਿਸ਼ਾਨ ਸਟੋਰ ਦੁਕਾਨ ਨੰ 14/15 ਗੁ ਦੁਖ ਨਿਵਾਰਨ ਬਜ਼ਾਰ ਪਟਿਆਲਾ ਟੈਲੀ 361415

6. ਅੰਮ੍ਰਿਤਸਰ: 1. ਭਾਈ ਸਤਨਾਮ ਸਿੰਘ ਜੀ, ਪਿੰਡ ਚਾਚੋਵਾਲੀ, ਡਾਕਖਾਨਾ ਜੈਂਤੀਪੁਰਾ।
2. ਭਾਈ ਭੁਪਿੰਦਰ ਸਿੰਘ ਜੀ ਖਾਲਸਾ, 4969 ਅਜ਼ਾਦ ਨਗਰ, ਨੇੜੇ ਟਿਊਬਵੈੱਲ, ਤਾਰਾ ਸਿੰਘ ਕੋਟ ਖਾਲਸਾ, ਅੰਮ੍ਰਿਤਸਰ।

7 ਜਲੰਧਰ: ਸ: ਹਰਜੀਤ ਸਿੰਘ ਬੈਂਕ ਆਫ਼ ਇੰਡੀਆ ਸਤਲੁਜ ਮਾਰਕੀਟ ਨੇੜੇ ਬਸ ਸਟੈਂਡ ਜਲੰਧਰ ਸ਼ਹਿਰ ਫੋਨ 462065

8. ਯਮੁਨਾਨਗਰ: ਭਾਈ ਇਕਬਾਲ ਸਿੰਘ ਜੀ, 536-ਲੋਹਾਰਾ ਗਲੀ, ਜਗਾਧਰੀ। ਫੋਨ 47341

9. ਫਿਰੋਜ਼ਪੁਰ: ਭਾਈ ਬਲਵਿੰਦਰ ਸਿੰਘ, ਹਾਤਾ ਨੰ: 48, ਬਜ਼ਾਰ ਨੰ: 1, ਫਿਰੋਜ਼ਪੁਰ ਛਾਉਣੀ।

10. ਪਠਾਨਕੋਟ: ਸ: ਹਰਭਜਨ ਸਿੰਘ M.E.S. ਪਠਾਨਕੋਟ।

11 ਅੰਬਾਲਾ: 1. ਭਾਈ ਮਨੋਹਰ ਸਿੰਘ ਜੀ ਪਿੰਡ ਤੇ ਡਾਕਖਾਨਾ ਨਸਰਾਲੀ ਵਾਇਆ ਜਤਵਾੜ ਅੰਬਾਲਾ ਸ਼ਹਿਰ।
2 ਭਾਈ ਭਗਵਾਨ ਸਿੰਘ ਵੈਦ 10 ਵੀਟਾ ਐਨਕਲੇਵ ਨੇੜੇ ਮਿਲਕ ਪਲਾਂਟ ਬਲਦੇਵ ਨਗਰ ਅੰਬਾਲਾ ਸ਼ਹਿਰ
3. ਸ੍ਰ ਮਲਕੀਅਤ ਸਿੰਘ ਮਾਰਫਤ ਸਰਦਾਰ ਕਲਾਥ ਹਾਊਸ ਪਿੰਡ ਨਨਹੇੜਾ ਡਾ: ਕੁਲਦੀਪ ਨਗਰ ਅੰਬਾਲਾ

12. ਬਠਿੰਡਾ: ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ 7819, ਨੇੜੇ ਡੰਗਰਾਂ ਦਾ ਹਸਪਤਾਲ । ਫੋਨ : 217743

13. ਧੂਰੀ: ਮਾਸਟਰ ਹਰਭਜਨ ਸਿੰਘ ਜੀ, ਜਨਤਾ ਨਗਰ, ਨੇੜੇ ਵੀਨਸ ਗੈਸ ਏਜੰਸੀ, ਧੂਰੀ। ਫੋਨ 21253

14. ਸਰਹੰਦ: ਸ: ਭੁਪਿੰਦਰ ਸਿੰਘ ਜੀ, ਨੇੜੇ ਭਾਰਤ ਪੈਟਰੋਲੀਅਮ ਗੈਸ ਗੋਦਾਮ, ਸਿਨੇਮਾ ਰੋਡ, ਸਰਹੰਦ, ਜਿਲਾ ਫਤਹਿਗੜ੍ਹ ਸਾਹਿਬ, ਟੈਲੀਫੋਨ 01763-20760

15. ਪਾਉਂਟਾ ਸਾਹਿਬ: ਭਾਈ ਪਰਮਜੀਤ ਸਿੰਘ ਜੀ, ਗੁਰੂ ਰਾਖਾ ਇੰਟਰਪ੍ਰਾਈਜਿਜ਼, ਪਾਉਂਟਾ ਸਾਹਿਬ ਹਿਮਾਚਲ ਪ੍ਰਦੇਸ਼
Tel. Shop 01704-22367, Resi.24067

16. ਬਟਾਲਾ 1. ਭਾਈ ਸੁਖਰਾਜ ਸਿੰਘ ਜੀ ਸਾਹਮਣੇ ਗੁਰੂ ਨਾਨਕ ਦੇਵ ਅਕੈਡਮੀ ਜਲੰਧਰ ਰੋਡ ਟੈਲੀ 46566
2 ਸ੍ਰ ਹਰਭਜਨ ਸਿੰਘ, ਖਾਲਸਾ ਲਾਇਬਰੇਰੀ ਬਟਾਲਾ।

17. ਦਿੱਲੀ 1. ਗੁਰਪ੍ਰੀਤ ਸਿੰਘ 670 ਡਾਕਟਰ ਮੁਖਰਜੀ ਨਗਰ ਦਿੱਲੀ ਟੈਲੀ 7654833
2 ਸ੍ਰ ਨਰਿੰਦਰ ਜੀ ਸਿੰਘ (ਗਾਮਾ) H. No.58-C IInd floor St. No. 11 New Mahavir Nagar P.O. Tilak Nagar-New Delhi 110018 PH. Resi - 5155191 Office- 590097-5449276

18. ਇੰਗਲੈਂਡ: ਭਾਈ ਹਰਦੀਪ ਸਿੰਘ ਜੀ, 218, Wexhan Road, Slough Berks SL2 5JP Tel: 01753-530624

19 ਅਮਰੀਕਾ: ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ ਫੋਨ : 18007226212

20 ਆਸਟ੍ਰੇਲੀਆ: ਭਾਈ ਪਰਸ਼ੋਤਮ ਸਿੰਘ ਜੀ, ਫੋਨ : 0061-69634841

21. ਨਿਊਜ਼ੀਲੈਂਡ: ਭਾਈ ਮਹਿੰਦਰ ਸਿੰਘ ਜੀ, ਫੋਨ : 092702755

22. ਕੈਨੇਡਾ : 1. ਭਾਈ ਅੰਮ੍ਰਿਤ ਪਾਲ ਸਿੰਘ 20 Newman court, Brampton, Ontario L6S5T1 ਟੈਲੀ 905-4538219
2. ਭਾਈ ਰਿਪੁਦਮਨ ਸਿੰਘ ਮਲਿਕ, ਫੋਨ : 18006630224

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

# ਸੂਰਾ

## ਮਾਸਿਕ ਪੱਤਰ

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਿਕ ਪੱਤਰ

※※※ Read SURA at Internet : www.surainternational.com ※※※

ਜਿਲਦ ੩੫ ਜਨਵਰੀ ੨੦੦੧ ਅੰਕ ੧

### ਗੁਰਪੂਰਬ ਤੇ ਇਤਿਹਾਸਕ ਦਿਹਾੜੇ

| | |
|---|---|
| ਪਾ: ੧੦ ਅਵਤਾਰ ਧਾਰਿਆ | ੨ ਜਨਵਰੀ |
| ਮੇਲਾ ਮਾਘੀ ਮੁਕਤਸਰ | 13 ਜਨਵਰੀ |
| ਜਨਮ ਬਾਬਾ ਦੀਪ ਸਿੰਘ ਜੀ ਸ਼ਹੀਦ | ੨੬ ਜਨਵਰੀ |
| ਬਸੰਤ ਪੰਚਮੀ | ੨੯ ਜਨਵਰੀ |

### ਚੰਦਿਆਂ ਦਾ ਵੇਰਵਾ

| | | |
|---|---|---|
| ਦੇਸ਼ ਸਾਲਾਨਾ | | 40 ਰੁ |
| ਅਮਾਨਤੀ ਲਾਈਫ਼ ਮੈਂਬਰ | | 400ਰੁ |
| ਵਿਦੇਸ | ਸਮੁੰਦਰੀ ਡਾਕ | ਹਵਾਈ ਡਾਕ |
| ਸਾਲਾਨਾ | 140ਰੁ | 400ਰੁ |
| ਅਮਾਨਤੀ ਲਾਈਫ਼ ਮੈਂਬਰ | 1400ਰ | 4000ਰੁ |

### ਚੰਦਾ ਭੇਜਣ ਦਾ ਪਤਾ

ਸੂਰਾ ਮਾਸਿਕ ਪੱਤਰ ਗੁ: ਸਿੰਘ ਸਭਾ
ਮਾਡਲ ਟਾਊਨ, ਲੁਧਿਆਣਾ-141002
Tel : 0161-428194
Fax : 0161-536340, 532147

ਸੂਰਾ ਪੱਤਰ ਵਿਚ ਛਪੇ ਵਿਚਾਰਾਂ ਨਾਲ ਸੂਰਾ ਪਰਿਵਾਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ਼ (ਇੰਡੀਆ)
ਡੀ-੧੩, ਬਲਾਕ-16, ਪਾਹਵਾ ਰੋਡ, ਲੁਧਿਆਣਾ 141 003

## ਤਤਕਰਾ


- ਸ੍ਰੀ ਦਸ਼ਮੇਸ਼ ਪੂਰਨੋ ........ ੨
- ਕਾਸ਼ ਅਸੀਂ ਸਿੱਖ ਹੁੰਦੇ (ਕਵਿਤਾ) ........ ੫
- ਸੱਚਾ ਸੁੱਚਾ ਨੀਤੀ ਵੇਤਾ ........ ੬
- ਕਲਗੀਧਰ ਪਾਤਸ਼ਾਹ ਦਾ ਜੀਵਨ ਚਮਤਕਾਰ ........ ੯
- ਰੋਜੀ ਪ੍ਰੀਤਮ ਦੀਆਂ ਬਖਸ਼ਿਸ਼ਾਂ ........ ੧੫
- ਮੇਰੇ ਕਲਗੀਧਰ ਦਸਮੇਸ਼ ਗੁਰੂ (ਕਵਿਤਾ) ........ ੧੬
- Guru GobindSingh Ji & his four Sons ........ ੧੭
- Guru GobindSingh -The illustrias Son Of India ........ ੧੯
- ਅਖੰਡ ਕੀਰਤਨੀ ਜੱਥਾ (ਕਵਿਤਾ) ........ ੨੦
- ਗੁਰੂ ਨਾਨਕ ਦੇਵ ਜੀ ਦਾ ਸੱਚਾ ਸੌਦਾ ........ ੨੧
- ਧਰਮ ਨੀਤੀ ਤੇ ਰਾਜ ਨੀਤੀ ........ ੨੫
- ਚਾਲੀ ਮੁਕਤੇ ........ ੨੭
- ਸੰਤ ਸਿਪਾਹੀ ਭਾਈ ਤਾਰਾ ਸਿੰਘ ਵਾਂ ........ ੨੯
- ਗੁਰਮਤਿ ਸਾਂਝਾ ........ ੩੦
- ਕੁਝ ਸਵਾਲ ਇਹ ਵੀ ........ ੩੧
- ਜਨਵਰੀ ਮਹੀਨੇ ਵਿਚ ਕੁਝ ਮਹੱਤਵਪੂਰਨ ਦਿਹਾੜੇ ........ ੩੩
- ਕਰਮ ਫਿਲਾਸਫੀ ........ ੩੫
- ਜੰਤਰੀ 2001 ........ ੩੮


ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।



www.AKJ.Org

# ਸ੍ਰੀ ਦਸਮੇਸ਼-ਪੂਰਨੇ

*(ਗੁਰਪੁਰਵਾਸੀ ਭਾ: ਸਾ: ਭਾ: ਰਣਧੀਰ ਸਿੰਘ ਜੀ)*

ਪ੍ਰਮਾਰਥ ਸੰਬੰਧੀ ਧਾਰਮਕ ਕੁਰਬਾਨੀ ਦੇ ਜੋ ਪੂਰਨੇ ਸ੍ਰੀ ਦਸਮੇਸ਼ ਗੁਰੂ ਪਾਤਸ਼ਾਹ ਨੇ ਪਾਏ ਹਨ, ਉਹ ਅੱਜ ਤਾਈਂ ਕਿਸੇ ਧਾਰਮਕ ਆਗੂ ਨੇ ਯਾ ਕਿਸੇ ਰੀਫ਼ਾਰਮਰ ਨੇ ਨਹੀਂ ਪਾਏ, ਨਾ ਪਾਉਣੇ ਹਨ।

(੧) ਪਹਿਲਾ ਪੂਰਨਾ ਸੱਚੀ ਅਤੇ ਸੁੱਚੀ ਨਿਰਭੈਤਾ ਦਾ ਹੈ। ਅੱਠ ਸਾਲ ਦੀ ਛੋਟੀ ਉਮਰ ਵਿਚ ਹੀ ਅਤਿ ਨਿਰਭੈ ਹੋ ਕੇ ਪਿਤਾ ਜੀ ਨੂੰ ਮਜ਼ਲੂਮਾਂ ਨਮਿਤ ਕੁਰਬਾਨੀ ਦੀ ਪ੍ਰੇਰਨਾ ਕਰਨੀ ਸੱਚੀ ਨਿਰਭੈਤਾ ਦੀ ਸਪਿਰਿਟ ਦਾ ਲਖਾਇਕ ਹੈ। ਪਿਤਾ ਜੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਹੋਣਹਾਰ ਗੁਰੂ ਗੋਬਿੰਦ ਸਿੰਘ ਜੀ ਅੰਦਰ ਨਿਰਭੈਤਾ ਵਾਲੀ ਸੱਚੀ ਸਪਿਰਿਟ ਦੇਖ ਕੇ ਮਜ਼ਲੂਮਾਂ ਨਮਿਤ ਨਿਸ਼ਕਾਮਤਾ ਸਹਿਤ ਕੁਰਬਾਨ ਹੋਣ ਦੀ ਠਾਣੀ ਤਾਂ ਕੇਵਲ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਨਿਰਭੈਤਾ ਵਾਲੀ ਸਪਿਰਿਟ ਦੇਖ ਕੇ ਹੀ ਠਾਣੀ।

ਦੂਜੀ ਨਿਰਭੈਤਾ ਵਾਲੀ ਸਪਿਰਿਟ ਸ੍ਰੀ ਗੁਰੂ ਦਸਮੇਸ਼ ਜੀ ਨੇ ਗੁਰਤਾ ਦੀ ਗੱਦੀ ਸਾਂਭਣ ਸਾਰ ਹੀ ਦਿਖਾਈ। ਸੱਚੀ ਸੂਰਬੀਰਤਾ ਦੀ ਸਪਿਰਿਟ ਦਾ ਸਿਰਫ਼ ਆਪਣੇ ਅੰਦਰ ਹੀ ਭਰ ਕੇ ਦਰਸਾਈ, ਬਲਕਿ ਸਾਰੇ ਪੰਥ ਅੰਦਰ ਭੀ ਇਹੋ ਸਪਿਰਿਟ ਭਰੀ। ਅੰਤਰਿ ਆਤਮੇ ਨਾਮ ਦਾ ਖੰਡਾ ਬਦਸਤੂਰ ਖੜਕਾਉਣਾ ਅਤੇ ਖੜਕਾਉਂਦੇ ਹੋਏ, ਧਰਮ-ਯੁਧ ਹਿਤ ਖੜਕੇਸ਼ੀ ਖੰਡਾ ਖੜਕਾਉਣ ਦੀ ਇਸ ਬਿਧਿ ਪ੍ਰੇਰਨਾ ਕੀਤੀ। ਯਥਾ :-

ਧੰਨ ਜੀਉ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮਹਿ ਜੁਧੁ ਬਿਚਾਰੈ॥
ਦੇਹ ਅਨਿਤ ਨ ਨਿਤ ਰਹੈ ਜਸੁ ਨਾਵ ਚੜ੍ਹੈ ਭਵ ਸਾਗਰ ਤਾਰੈ॥
ਧੀਰਜ ਧਾਮ ਬਨਾਇ ਇਹੈ ਤਨ ਬੁਧਿ ਸੁ ਦੀਪਕ ਜਿਉਂ ਉਜਿਆਰੈ॥
ਗਿਆਨਹਿ ਕੀ ਬਢਨੀ ਮਨਹੁ ਹਾਥਿ ਲੈ ਕਾਤੁਰਤਾ ਕੁਤਵਾਰ ਬੁਹਾਰੈ॥੨੪੯੨॥

ਹਾਂ ਜੀ । ਇਸ ਬਿਧਿ ਨਿਰਭੈਤਾ ਵਾਲੇ ਸੱਚੇ ਪ੍ਰਮਾਰਥੀ ਪੂਰਨਿਆਂ ਨੂੰ ਦਰਸਾਇ ਕੇ, ਸਾਰੇ ਪੰਥ ਨੂੰ ਉਭਾਰਿਆ ਵੰਗਾਰਿਆ। ਚਿਤ ਅੰਦਰਿ ਜੁੱਧ ਕਰਨ ਦਾ ਜੋਸ਼ ਚਿਤਾਰ ਕੇ ਭੀ ਮੁਖੋਂ ਨਾਮ ਦਾ ਸੱਚਾ ਖੜਗੇਸ਼ੀ-ਖੰਡਾ ਭੀ ਨਾਲ ਨਾਲ ਖੜਕਾਈ ਜਾਣਾ ਲਾਜ਼ਮੀ ਹੈ। ਇਸ ਬਿਧਿ, ਕੇਵਲ ਏਸੇ ਬਿਧਿ ਹੀ ਸਫਲਤਾ ਹੋ ਸਕਦੀ ਹੈ।

"ਦੇਹ ਅਨਿਤ ਨ ਨਿਤ ਰਹੈ" ਦੀ ਸੱਚੀ ਸੂਰਮਤਾਈ ਦੀ ਜੰਗੀ ਸਪਿਰਿਟ ਆਪਣੇ ਅਤਿ ਛੋਟੀ ਉਮਰ ਵਾਲੇ ਸਾਹਿਬਜ਼ਾਦਿਆਂ ਅੰਦਰ ਐਸੀ ਭਰੀ ਕਿ ਉਹ ਨਿਰਭੈ ਹੋ ਕੇ ਐਸੇ ਜੂਝੇ ਕਿ ਰੰਚਕ ਮਾਤਰ ਭੀ ਆਪਣੀ ਜ਼ਿੰਦਗੀ ਨਾਲ ਪਿਆਰ ਨਹੀਂ ਪਾਇਆ। ਅਮਲੀ ਤੌਰ 'ਤੇ ਇਹ ਮਿਸਾਲ ਕਾਇਮ ਕਰ ਕੇ ਦਿਖਾਈ ਬਪੜੀ ਚਾਰ-ਦਿਹਾੜੇ-ਰਹਿਣ-ਵਾਲੀ-ਦੇਹੀ ਦਾ ਰੰਚਕ ਖ਼ਿਆਲ ਨਾ ਰਖਦੇ, ਨਿਸ਼ਕਾਮਤਾ ਸਹਿਤ ਬਲੀਦਾਨ ਹੋਏ। ਜਨਮਨ ਸਾਰ ਹੀ ਸਾਹਿਬਜ਼ਾਦਿਆ ਦੇ ਦਿਲ ਦਿਮਾਗ ਅੰਦਰਿ ਸੱਚੜੇ ਨਾਮ ਅਭਿਆਸ ਦਾ ਮਾਦਾ ਐਸਾ ਕੁੱਟ ਕੁੱਟ ਕੇ ਭਰਿਆ ਕਿ ਜਿਸ ਦੇ ਤੁਫ਼ੈਲ ਮਰਨ ਦੀ ਚਿੰਤਾ ਤੇ ਜੀਵਨ ਦੀ ਲਾਲਸਾ ਹੀ ਬਿਨਸ ਗਈ। "ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ"* ਦੇ ਗੁਰਵਾਕ ਭਾਵ ਵਾਲੇ ਅਮਲੀ ਪੂਰਨੇ ਪਾ ਕੇ ਦਿਖਾਏ। ਸੱਚ ਮੁੱਚ ਇਹ ਅਮਲੀ ਪੂਰਨਿਆਂ ਵਾਲਾ ਸੱਚੜਾ ਰਸ ਹਿਰਦੇ ਅੰਦਰ ਵਸਿਆ ਰਸਿਆ ਹੋਵੇ, ਸੱਚੀ ਨਿਰਭੈਤਾ ਹੀ ਏਸੇ ਰਸ ਅੰਦਰ ਹੈ। ਜੋ ਏਸ ਰਸ ਤੋਂ ਸ਼ੂਨ ਹਨ ਉਹ ਨਿਰੀ ਲੌਕਿਕ ਵਡਿਆਈ ਦੇ ਕਾਰਨ ਹੰਕਾਰੇ ਰਹਿੰਦੇ ਹਨ। ਕਿਸੇ ਲੇਖੇ ਵੀ ਨਹੀਂ ਪੈਂਦੇ ਤਿਨ੍ਹਾਂ ਦੇ ਅਮਲ (ਕਰਮ) ਧਰਮ ਹੇਤ ਉਹ ਸੱਚੀ ਨਿਰਭੈਤਾ ਨਿਸ਼ਕਾਮਤਾ ਵਾਲੀ ਸਪਿਰਿਟ ਸਹਿਤ ਸੰਧੂਰਤ ਹੋ ਕੇ ਸੱਚੜਾ ਪ੍ਰਮਾਰਥੀ ਜਸ ਭੀ ਖੱਟਦੇ ਹਨ ਅਤੇ ਇਸ ਜਸ ਦੀ ਸੱਚੜੀ ਬੇੜੀ ਤੇ ਚੜ੍ਹ ਕੇ ਭਵਸਾਗਰੋਂ ਭੀ ਪਾਰ ਪੈਂਦੇ ਹਨ। ਦੁਨਿਆਵੀ ਜਸ ਆਪੇ ਹੀ ਉਨ੍ਹਾਂ ਦੇ ਮਗਰ ਲਗਿਆ ਫਿਰਦਾ ਹੈ। ਸ੍ਰੀ ਦਸਮੇਸ਼ ਜੀ ਦੀ ਪਰਵੇਸ਼ ਕੀਤੀ ਹੋਈ ਬੁੱਧ-ਸਬੁੱਧੀ ਅੰਦਰਲੀ ਰੱਖੀ ਸਪਿਰਿਟ ਅਨੁਸਾਰ ਉਹ ਆਪਣੇ ਜੀਵਨ ਨੂੰ, ਤਨ ਨੂੰ ਸੱਚੀ ਧੀਰਜਤਾ (ਸਹਿਨਸ਼ੀਲਤਾ) ਦਾ ਧਾਮ ਬਣਾ ਲੈਂਦੇ ਹਨ। ਉਹਨਾਂ ਦੀ ਬੁੱਧੀ ਭੀ ਸੁਬੁੱਧੀ ਹੋ ਜਾਂਦੀ ਹੈ। ਨਾਮ ਨਾਲਿ ਲਟ ਲਟ ਕਰ ਕੇ ਜਗਦੀ ਪ੍ਰਮਾਰਥਕ ਰੌਸ਼ਨੀ ਤਿਨ੍ਹਾ ਜਿੰਦੜੀਆਂ

*ਸਿਰੀ ਰਾਗੁ ਮ: ੧, (ਪ॥੧੮॥)ਪੰਨਾ ੨੦



www.AKJ.Org

ਅੰਦਰ ਸਾਵਧਾਨਤਾ ਸਹਿਤ ਉਜਾਰਤ ਹੁੰਦੀ ਹੈ, ਅਤੇ ਡੋਲਣੋਂ ਬਚਾਉਂਦੀ ਹੈ। ਉਹਨਾਂ ਦੇ ਅੰਦਰ ਸੱਚੜਾ ਗੁਰਮਤਿ ਗਿਆਨ ਪ੍ਰਕਾਸ਼ਤ ਹੁੰਦਾ ਹੈ। ਉਹ ਆਪਣੇ ਹੀ ਨਹੀਂ, ਸਗੋਂ ਸੰਸਾਰ ਭਰ ਦੇ ਦੁਖਾਂ ਨੂੰ ਕੱਟਣ ਦੇ ਸਮਰੱਥ ਹੋ ਜਾਂਦੇ ਹਨ। ਇਕ ਵੰਨਗੀ ਮਾਤਰ ਉਦਾਹਰਨ ਹੈ ਕਿ ਸ੍ਰੀ ਦਸਮੇਸ਼ ਜੀ ਨੇ ਨਿਰਭੈਤਾ ਵਾਲੀ ਸਪਿਰਿਟ ਪਰਵੇਸ਼ ਕਰ ਕੇ ਦਿਖਾਈ ਕਿ ਜਿਸ ਕਾਰਨ ਕਰਕੇ ਗੁਰਵਾਕ ਉਨ੍ਹਾਂ ਪਰਥਾਇ ਪੂਰਾ ਪੂਰਾ ਘਟਦਾ ਹੈ :-

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥੧॥ (ਜਪੁਜੀ ਸਾਹਿਬ, ਸਲੋਕ, ਪੰਨਾ ੮)

ਇਹ ਇੱਕ ਨਮੂਨੇ ਮਾਤਰ ਹੀ ਸ੍ਰੀ ਦਸਮੇਸ਼ ਜੀ ਦੀ ਪੂਰਨ ਨਿਰਭੈਤਾ ਵਾਲੀ ਸਪਿਰਿਟ ਦੀ ਅਜ਼ਮਤ ਨਿਰੂਪਣ ਹੈ। ਹੋਰ ਅਨੇਕ ਉਦਾਹਰਨਾ ਹਨ ਜਿਨ੍ਹਾਂ ਦੇ ਕਾਰਨ ਸ੍ਰੀ ਦਸਮੇਸ਼ ਜੀ ਦਾ ਪੂਰਨ ਜੀਵਨ ਹੀ ਏਸ ਪੂਰਨੇ ਨਾਲ ਭਰਿਆ ਪਿਆ ਹੈ। ਲੇਖ ਦੇ ਵਿਸਥਾਰ ਹੋਣ ਦੇ ਤੌਖਲੇ ਨਾਲ ਏਥੇ ਹੀ ਸਮਾਪਤ ਕੀਤਾ ਜਾਂਦਾ ਹੈ।

(੨) ਦੂਜਾ ਪੂਰਨਾ ਨਿਮਰਤਾ' ਦਾ ਹੈ। ਸ੍ਰੀ ਦਸਮੇਸ਼ ਜੀ, ਪਾਤਸ਼ਾਹ, ਗੁਰੂ ਪਾਤਸ਼ਾਹ ਦਰਵੇਸ਼ ਜੀ ਸਦਵਾਉਂਦੇ ਸਨ। ਜਿਸ ਤੋਂ ਸਿੱਧ ਹੈ ਕਿ ਏਹਨਾਂ ਅੰਦਰਿ ਇਸ ਨਿਮਰਤਾ ਵਾਲੇ ਪੂਰਨਿਆਂ ਵਾਲੀ ਸਪਿਰਿਟ ਨੱਕਾ-ਨੱਕ ਭਰੀ ਹੋਈ ਸੀ, ਜੈਸੇ ਕਿ ਪਹਿਲੇ ਦਰਸਾਇਆ ਗਿਆ ਹੈ।

(੩) ਤੀਜਾ ਪੂਰਨਾ ਜੋ ਸ੍ਰੀ ਦਸਮੇਸ਼ ਜੀ ਨੇ ਪਾਇਆ ਉਹ ਅਮਲੀ ਸਮਦਰਸਤਾ ਵਾਲਾ ਹੈ। ਜ਼ਾਲਮਾਂ ਤੇ ਮਜ਼ਲੂਮਾਂ ਨੂੰ ਇੱਕੋ ਸਮ-ਦ੍ਰਿਸ਼ਟੀ ਨਾਲਿ ਸ੍ਰੀ ਦਸਮੇਸ਼ ਪਿਤਾ ਜੀ ਨੇ ਜਾਂਚਿਆ। ਨਿਰਵੈਰਤਾ ਭੀ ਏਸੇ ਪੂਰਨੇ ਅੰਦਰਿ ਸਫਲੀ ਜਾਣਾਈ ਹੈ। ਸੱਚੇ ਪਾਤਸ਼ਾਹ ਸ੍ਰੀ ਗੁਰੂ ਦਸਮੇਸ਼ ਜੀ ਨੇ ਕਿਸੇ ਜ਼ਾਤੀ ਨਾਲ ਵੈਰ ਨਹੀਂ ਕੀਤਾ।

ਗੁਰੂ ਸੱਚੇ ਪਾਤਸ਼ਾਹ ਸ੍ਰੀ ਦਸਮੇਸ਼ ਜੀ ਦੀ ਦ੍ਰਿਸ਼ਟੀ ਅੰਦਰਿ ਜੈਸੇ ਮੁਸਲਮਾਨ ਸੀ ਵੈਸੇ ਹੀ ਹਿੰਦੂ। ਜ਼ਾਲਮ ਅਤੇ ਪ੍ਰਮਾਰਥੋਂ ਗੁਮਰਾਹ ਹੋਏ ਹੋਏ ਪਹਾੜੀਆਂ ਨਾਲਿ ਗੁਰੂ ਸਾਹਿਬ ਦਾ ਕੋਈ ਵੈਰ ਨਹੀਂ ਸੀ। ਜਦੋਂ ਪਹਾੜੀ ਰਾਜੇ ਪ੍ਰਮਾਰਥੋਂ ਗੁਮਰਾਹ ਹੋਏ ਤਾਂ ਸ੍ਰੀ ਦਸਮੇਸ਼ ਜੀ ਦੀ ਨਿਰਵੈਰ ਸਮ-ਦ੍ਰਿਸ਼ਟੀ ਅੰਦਰਿ ਉਹਨਾਂ ਹੀ ਪਹਾੜੀਆਂ ਦੀ ਸੋਧਨਾ ਇਸ ਪ੍ਰਕਾਰ ਪ੍ਰਗਟ ਹੋਈ। ਯਥਾ :-

ਮਨਮ ਕੁਸ਼ਤਾ-ਅਮ ਕੋਹੀਆਂ ਬੁੱਤਪ੍ਰਸਤ॥*ਕਿ ਆਂ ਬੁੱਤ-ਪ੍ਰਸਤੰਦੋ, ਮਨ ਬੁਤ-ਸ਼ਿਕਸਤ॥

ਜਿਥੇ ਪ੍ਰਮਾਰਥ ਦੇ ਸੱਚੇ ਮਾਰਗ ਤੋਂ ਘੁੱਥਿਆਂ ਹਿੰਦੂਆਂ ਪਹਾੜੀਆਂ ਨਾਲ ਭੀ ਇਹ ਨਿਰਵੈਰ ਸਮਦ੍ਰਿਸ਼ਟੀ ਦਿਖਾਈ ਓਥੇ ਤਿਨ੍ਹਾ ਨਾਲ ਨਿਰਵੈਰ ਸਮਦਰਸਤਾ ਭੀ ਵਰਤੀ। ਜਦੋਂ ਪਹਾੜੀਆ ਦੀ ਪਾਪਾਂ-ਗ੍ਰਸੀ ਬਿਰਤੀ ਉੱਕੀ ਹੀ ਪ੍ਰਮਾਰਥ ਤੋਂ ਸ਼ੂਨ ਹੋ ਗਈ, ਸਗੋਂ ਉਲਟੇ ਸਾਰੇ ਪਹਾੜੀ ਰਾਜੇ ਗੁਰੂ ਸਾਹਿਬ ਤੋਂ ਬੇਮੁਖ ਹੋ ਕੇ ਤੁਰਕਾਂ ਨਾਲ ਜਾ ਰਲੇ ਤਾਂ ਗੁਰੂ ਸਾਹਿਬ ਨੇ ਇਹ ਸਾਂਝਾ ਫ਼ਤਵਾ ਦਿੱਤਾ ਕਿ ਏਹਨਾਂ ਪਹਾੜੀਆ ਤੇ ਤੁਰਕਾਂ ਦਾ ਖ਼ਾਲਸਾ ਜੀ ਨੇ ਕਦੇ ਵਿਸਾਹ ਨਹੀਂ ਕਰਨਾ। ਵਾਸਤਵ ਵਿੱਚ ਗੁਰੂ ਸਾਹਿਬ ਸਭ ਦੀ ਭਲਾਈ ਲੋਚਦੇ ਸਨ। ਜਦੋਂ ਹਰ ਪ੍ਰਕਾਰ ਦੇ ਹੀਲੇ ਕੀਤਿਆਂ ਭੀ ਦੋਹਾਂ ਧਿਰਾਂ ਦੀ ਭਲਾਈ ਰਹਿ ਖੜੋਤੀ, ਤਦ ਗੁਰੂ ਸੱਚੇ ਪਾਤਸ਼ਾਹ ਨੇ ਏਹਨਾ ਦੋਹਾ ਦੀ ਸੁਧਾਈ ਹਿਤ ਕਮਰਕੱਸੇ ਕਰ ਲਏ। ਗੁਰੂ ਸਾਹਿਬ ਦੀ ਏਸ ਗੱਲੇ ਪੂਰੀ ਪੂਰੀ ਨਿਰਵੈਰਤਾ ਸੰਪਨ ਸਮਦਰਸਤਾ ਹੈ ਕਿ ਉਹਨਾਂ ਨੇ ਨਾ ਹੀ ਹਿੰਦੂਆਂ ਦਾ ਪਖਸ਼ ਪੂਰਿਆ , ਨਾ ਹੀ ਤੁਰਕਾਂ ਨਾਲ ਵੈਰ-ਭਾਵਨਾ ਕਮਾਈ, ਬਲਕਿ ਸੱਚੀ ਧਰਮੱਗ ਸਪਿਰਿਟ ਤੋਂ ਖ਼ਾਲੀ ਹੋਏ ਹੋਏ ਹਿੰਦੂਆਂ ਤੇ ਤੁਰਕਾ ਨੂੰ ਇਕ ਸਾਰ ਹੀ ਸੋਧਿਆ। ਦੋਈ ਪ੍ਰਮਾਰਥ ਦੇ ਵੈਰੀ ਸਨ ਅਤੇ ਦੋਨੋਂ ਹੀ ਧਰਮ-ਉਪਕਾਰਤਾ ਵਾਲੀ ਸੱਚਾਈ ਤੋਂ ਦੁਰੇਡੇ ਹੋ ਗਏ ਸਨ। ਇਸ ਕਰਕੇ ਗੁਰੂ ਸੱਚੇ ਪਾਤਸ਼ਾਹ ਸ੍ਰੀ ਦਸਮੇਸ਼ ਜੀ ਨੇ ਦੋਹਾਂ ਨੂੰ ਹੀ ਸਿੱਧੇ ਰਸਤੇ ਪਾਉਣ ਵਾਲੀ ਸੱਚੀ ਸਮਦ੍ਰਿਸ਼ਟੀ ਵਰਤੀ। ਹਿੰਦੂ ਮੁਸਲਮਾਨ ਵਾਲੀ ਕਾਣ-ਕਨੌਡ ਕਿਸੇ ਦੀ ਨਹੀਂ ਰੱਖੀ।

ਆਮ ਨੇਤਾਵਾਂ ਦਾ ਇਹ ਖ਼ਿਆਲ ਉੱਕਾ ਹੀ ਗ਼ਲਤ ਹੈ ਕਿ ਗੁਰੂ ਸਾਹਿਬ ਸ੍ਰੀ ਦਸਮੇਸ਼ ਜੀ ਕੇਵਲ ਤੁਰਕਾ ਦੇ ਹੀ ਵੈਰੀ ਸਨ। ਹਰਗਿਜ਼ ਨਹੀਂ, ਗੁਰੂ ਸਾਹਿਬ ਤਾ ਪਾਪ ਅਤੇ ਜ਼ੁਲਮ ਦੇ ਵਿਰੋਧੀ ਸਨ। ਜ਼ਾਤ-ਪਾਤ ਕਰਕੇ ਕਿਸੇ ਨਾਲ ਵੈਰ-ਵਿਰੋਧ ਨਹੀਂ ਕਮਾਇਆ। ਸਭਨਾਂ ਨੂੰ ਹੀ ਸਿੱਧੇ ਰਸਤੇ ਲਿਆਵਣ ਦੇ ਅਭਿਲਾਖੀ

*ਮੈਂ ਬੁੱਤ-ਪੂਜ ਪਹਾੜੀਆ ਦਾ ਨਾਸ਼ ਕਰਨ ਵਾਲਾ ਹਾਂ, ਕਿਉਂਕਿ ਉਹ ਬੁੱਤ-ਪ੍ਰਸਤ ਹਨ ਤੇ ਮੈਂ ਬੁੱਤ ਤੋੜਨ ਵਾਲਾ।



www.AKJ.Org

ਸਨ। ਸਭਨਾਂ ਕਪੁੱਠੇ ਮਾਰਗ ਪਏ ਹੋਇਆ ਬੰਦਿਆਂ ਦੇ ਸਾਧਕ ਸਨ। ਸੋਈ ਸਮਤੀ ਗੁਰੂ ਦਸਮੇਸ਼ ਜੀ ਨੇ ਆਪਣੇ ਸਾਜੇ ਨਿਵਾਜੇ ਖਾਲਸਾ ਜੀ ਨੂੰ ਨਦਰੀ ਨਦਰ ਨਿਹਾਲ ਹੋ ਕੇ ਬਖਸ਼ੀ ਕਿ ਕਿਸੇ ਇਕ ਜ਼ਾਤ ਕੌਮ ਦਾ ਘਾਤ ਨਹੀਂ ਕਰਨਾ, ਪਰੰਤੂ ਪਾਪਿਸ਼ਟ ਕਰਮੀ ਭਾਵੇਂ ਕੋਈ ਜ਼ਾਤੀ ਅਤੇ ਕੋਈ ਫ਼ਿਰਕਾ ਹੋਵੇ, ਦੋਹਾਂ ਨੂੰ ਸਮੁੱਤੇ ਲਾਉਣਾ ਹੈ। ਜੇ ਪਹਾੜੀ ਰਾਜਿਆਂ ਵਤ ਅੱਜ ਕੱਲ੍ਹ ਦੇ ਹਿੰਦੂ-ਡੰਮੀਏ ਭੀ ਸੱਚੇ ਪ੍ਰਮਾਰਥ ਅਤੇ ਸੱਚੇ ਧਰਮ ਮਾਰਗ ਤੋਂ ਬੇਮੁਖ ਹੋ ਜਾਣ ਤਾਂ ਤਿਨ੍ਹਾਂ ਨੂੰ ਗਏ-ਗੁਜ਼ਰੇ ਹਿੰਦੂ ਪਹਾੜੀਆਂ ਸਮਾਨ ਹੀ ਸਮਝਣਾ ਹੈ। ਉਹਨਾਂ ਦੀ ਨਿਰੇ ਹਿੰਦੂ ਹੋਣ ਕਰਕੇ ਕੋਈ ਰੱਛਿਆ ਰਿਆਇਤ ਨਹੀਂ ਕਰਨੀ। ਗੁਰੂ ਦਸਮੇਸ਼ ਜੀ ਨੇ ਸੱਚੀ ਸਮਦਰਸਤਾ ਦਾ ਸੱਚਾ ਸਬਕ ਅਮਲੀ ਤੌਰ ਤੇ ਖਾਲਸਾ ਪੰਥ ਨੂੰ ਸਿਖਾਇਆ। ਜਿਸ ਪ੍ਰਕਾਰ ਸ੍ਰੀ ਦਸਮੇਸ਼ ਜੀ ਨੇ ਹਿੰਦੂ ਤੁਰਕ ਵਾਲੀ ਕਾਦ-ਕਨੌਡ ਮਿਟਾ ਦੇਣ ਦੇ ਸੱਚੇ ਪੂਰਨੇ ਪਾ ਕੇ ਦਿਖਾਏ, ਓਹਨਾਂ ਹੀ ਪੂਰਨਿਆਂ ਉਤੇ ਗੁਰੂ ਦਸਮੇਸ਼ ਜੀ ਦਾ ਸਾਜਿਆ ਨਿਵਾਜਿਆ ਖ਼ਾਲਸਾ ਪੰਥ ਤਤਪਰ ਹੈ, ਤੇ ਸਦਾ ਤਤਪਰ ਰਹੇਗਾ। ਜਦੋਂ ਦਸਮੇਸ਼ ਜੀ ਨੇ ਪੇਖ ਪਰਖ ਕੇ ਦੋਹਾਂ ਹੀ ਮੱਤਾਂ ਦੀ ਕਪਟ-ਕੁਕਰਮਤਾ ਭਲੀ ਬਿਧਿ ਜਾਂਚ ਲਈ ਤਦੋਂ ਹੀ ਦੋਹਾਂ ਨੂੰ ਸੋਧਣ ਲਈ ਖਾਲਸਾ ਪੰਥ ਦੀ ਸਾਜਨਾ ਕੀਤੀ। ਯਥਾ ਸ੍ਰੀ ਦਸਮੇਸ਼ ਵਾਕ :-

ਦੁਹੂੰ ਪੰਥ ਮੈ ਕਪਟ ਵਿਦਯਾ ਚਲਾਨੀ॥ ਬਹੁਰ ਤੀਸਰੋ ਪੰਥ ਕੀਨੋ ਪਰਧਾਨੀ॥

ਸ੍ਰੀ ਦਸਮੇਸ਼ ਜੀ ਨੇ ਖਾਲਸਾ ਜੀ ਨੂੰ ਸਭ ਤੋਂ ਨਿਆਰਾ ਰੱਖਿਆ ਅਤੇ ਹੁਕਮ ਬਖਸ਼ਿਆ :-

ਜਬ ਲਗ ਖਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਓ ਮੈਂ ਸਾਰਾ॥
ਜਬ ਇਹ ਗਹੈ ਬਿਪਰਨ ਕੀ ਰੀਤ॥ ਮੈਂ ਨ ਕਰੋਂ ਇਨ ਕੀ ਪ੍ਰਤੀਤ॥ (ਸਰਬ ਲੋਹ ਗ੍ਰੰਥ)

ਇਸ ਬਿਧਿ ਸ੍ਰੀ ਦਸਮੇਸ਼ ਜੀ ਨੇ ਸੱਚੀ ਸਮਦਰਸਤਾ ਦਾ ਪੂਰਨਾ ਪਾ ਕੇ ਦਿਖਾਇਆ।

(੪) ਚੌਥਾ ਪੂਰਨਾ :- ਸਭ ਤੋਂ ਸ੍ਰੇਸ਼ਟ ਪੂਰਨਾ ਸ੍ਰੀ ਦਸਮੇਸ਼ ਜੀ ਨੇ ਗੁਰਮਤਿ ਸੱਚਾਈ ਦਾ ਕੌਲ-ਔ-ਫ਼ੇਅਲ (ਕਹਿਣੀ ਅਤੇ ਕਰਨੀ) ਦਾ ਪਾਇਆ, ਜੋ ਅੱਜ ਤਾਈਂ ਕਿਸੇ ਧਾਰਮਕ ਆਗੂ ਅਤੇ ਰੀਫ਼ਾਰਮਰ ਨੇ ਨਹੀਂ ਪਾਇਆ। ਸ੍ਰੀ ਗੁਰੂ ਦਸਮੇਸ਼ ਜੀ ਨੇ ਨਿਧੜਕ ਹੋ ਕੇ ਗੁਰਮਤਿ ਤਤ ਸੱਤ ਦਾ ਨਿਰਣਾ ਪੂਰਨ ਸੱਚਾਈ ਦੇ ਪੂਰਨੇ ਅਨੁਸਾਰ ਪਾ ਕੇ ਦਿਖਾਇਆ। ਸਪੱਸ਼ਟ ਤੌਰ ਤੇ ਪਹਿਲਾਂ ਇਹ ਸੱਚਾਈ ਦਰਸਾਈ :-

ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ॥੯॥੨੯॥ ਤ੍ਵਪ੍ਰਸਾਦਿ ਸਵਯੇ

ਏਸ ਵਿਚ ਰੰਚਕ ਸੰਦੇਹ ਨਹੀਂ ਕਿ ਸ੍ਰੀ ਦਸਮੇਸ਼ ਜੀ ਦਾ ਆਦਰਸ਼ ਨਾਮ-ਭਿੰਨੜਾ ਪ੍ਰੇਮ ਹੈ। ਯਥਾ ਗੁਰਵਾਕ :-

ਪ੍ਰੇਮ ਪਦਾਰਥੁ ਨਾਮੁ ਹੈ ਭਾਈ......੫॥ (੯॥੧) ਸੋਰਠਿ ਮ: ੫ ਅਸ਼ਟ :, ਪੰਨਾ ੬੪੦)

ਗੁਰੂ ਦਸਮੇਸ਼ ਜੀ ਨੇ ਪ੍ਰੇਮ ਦੀ ਏਸ ਸੱਚਾਈ ਨੂੰ ਸਭ ਤੋਂ ਸ੍ਰੇਸ਼ਟ ਪੂਰਨ ਪਾ ਕੇ ਸਿੱਧ ਕੀਤਾ ਕਿ ਗੁਰਮਤਿ ਅੰਦਰਿ ਨਾਮ-ਭਿੰਨੜੇ ਪ੍ਰੇਮ ਤੋਂ ਬਿਨਾਂ ਸ਼ੁਸ਼ਕ ਪ੍ਰੇਮ ਕੋਈ ਅਰਥ ਹੀ ਨਹੀਂ ਰਖਦਾ। ਇਸ ਪ੍ਰੇਮ-ਮਈ-ਸੱਚਾਈ ਨੂੰ ਸ੍ਰੀ ਦਸਮੇਸ਼ ਜੀ ਨੇ ਸਪੱਸ਼ਟ ਤੌਰ ਤੇ ਦਰਸਾਇਆ ਅਤੇ ਦਰਸਾ ਕਿ ਸਿੱਧ ਕੀਤਾ ਕਿ ਵਾਹਿਗੁਰੂ ਨੂੰ ਪਾਉਣ ਦਾ ਇਕੋ ਇਕ ਵਸੀਲਾ ਨਾਮ-ਭਿੰਨੜਾ-ਪ੍ਰੇਮ ਹੀ ਹੈ। ਇਸ ਪੂਰਨੇ ਨੂੰ ਸਪੱਸ਼ਟ ਤੌਰ ਤੇ ਦਰਸਾ ਕਿ ਸਿੱਧ ਕਰਨ ਲਈ ਸ੍ਰੀ ਦਸਮੇਸ਼ ਜੀ ਨੇ ਇਹ ਗੱਲ ਭਲੀ ਪ੍ਰਕਾਰ ਨਿਰੂਪਣ ਕਰ ਦਿੱਤੀ ਕਿ ਹੋਰਨਾਂ ਮਤ-ਮਤਾਂਤ੍ਰਾਂ ਅੰਦਰਿ ਜੋ ਪੂਰਨੇ ਵਾਹਿਗੁਰੂ ਨੂੰ ਪਾਉਣ ਦੇ ਇਸ ਪ੍ਰੇਮ ਤੋਂ ਸਖਣੇ ਹਨ, ਸਭ ਨਿਸਫਲ ਹਨ। ਜੈਸਾ ਕਿ ਸ੍ਰੀ ਮੁਖਵਾਕ ਦੁਆਰਾ ਇਸ ਬਿਧਿ ਨਿਰਣਾ ਹੈ :-

ਪ੍ਰੀਤਿ ਕਰੇ ਪ੍ਰਭੁ ਪਾਈਅਤ ਹੈ ਕ੍ਰਿਪਾਲ ਨ ਭੀਜਤ ਲਾਂਡ ਕਟਾਏ॥੧੦੦॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਦਿ ਬਾਣੀ ਅਨੁਸਾਰ ਏਥੇ ਇਸ ਮਹਾਂਵਾਕ ਦੁਆਰਾ ਆਨ-ਮੱਤੀਆਂ, ਖਾਸ ਕਰ ਤੁਰਕਾਂ ਦੀ ਸ਼ੁਸ਼ਕ ਸੁੰਨਤ ਕ੍ਰਿਆ ਵਲ ਸਪੱਸ਼ਟ ਇਸ਼ਾਰਾ ਹੈ ਅਤੇ ਏਸ ਇਸ਼ਾਰੇ ਨੂੰ ਸਪੱਸ਼ਟਤਾਈ ਸਹਿਤ ਦਰਸਾਉਣ ਦਾ ਸੱਚਾ ਪੂਰਨਾ ਸ੍ਰੀ ਦਸਮੇਸ਼ ਜੀ ਨੇ ਪਾਇਆ ਹੈ :-

ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤਿ ਕਾ ਕਿਆ ਕਰੀਐ॥.....੩॥(੪॥੮॥)
(ਆਸਾ ਕਬੀਰ ਜੀ, ਪੰਨਾ ੪੭੭)


www.AKJ.Org

ਵਾਲੇ ਗੁਰਵਾਕ ਦਾ ਇੰਨ ਬਿੰਨ ਅਨੁਵਾਦ ਕਰ ਵਿਖਾਇਆ ਹੈ। ਪ੍ਰੰਤੂ ਬਿਨਾਂ ਕਿਸੇ ਰੌ-ਰਿਆਇਤ ਅਤੇ ਝਕ-ਝੇਪ ਤੇ ਤੱਤ-ਸੱਚਾਈ ਦਾ ਪੂਰਨਾ ਪਾ ਕੇ ਸਪੱਸ਼ਟ ਕੀਤਾ ਹੈ ਕਿ ਸੱਚੇ ਗੁਰਮਤਿ ਪ੍ਰਮਾਰਥੀ ਪ੍ਰੇਮ-ਬਿਹੂਨ ਹੋਰ ਸਭ ਕ੍ਰਿਆ, ਆਨਮਤੀਆ ਦੀ ਸੁੰਨਤ ਆਦਿ ਸਭ ਬਿਰਥੀ ਹੈ। ਏਸ ਦੁਆਰਾ ਪ੍ਰਮਾਤਮਾ ਪਾਇਆ ਹੀ ਨਹੀਂ ਜਾ ਸਕਦਾ। ਪਾਇਆ ਜਾ ਸਕਦਾ ਹੈ ਤਾਂ ਕੇਵਲ ਗੁਰਮਤਿ ਨਾਮ-ਭਿੰਨੜੇ-ਪ੍ਰੇਮ ਦੁਆਰਾ ਹੀ ਪਾਇਆ ਜਾ ਸਕਦਾ ਹੈ। ਇਹ ਸੱਚਾਈ ਚਾਹੇ ਕਿਸੇ ਅਨਮਤੀ ਪੁਰਸ਼ ਨੂੰ ਕੌੜੀ ਹੀ ਲੱਗੇ, ਪ੍ਰੰਤੂ ਸ੍ਰੀ ਦਸਮੇਸ਼ ਜੀ ਨੇ ਇਸ ਸਰ-ਸੱਚਾਈ ਵਾਲੇ ਪੂਰਨੇ ਨੂੰ ਸਪੱਸ਼ਟ ਤੌਰ ਤੇ ਪਾ ਹੀ ਦਿਤਾ। ਜਿਸ ਸਾਰ-ਸੱਚਾਈ ਨੂੰ ਨਿਰੂਪਣ ਕਰ ਕੇ ਸ੍ਰੀ ਦਸਮੇਸ਼ ਜੀ ਨੇ ਇਸ ਨੂੰ ਖ਼ਾਸ ਦਰਸਾਉਣ ਦਾ ਪੂਰਨਾ ਪਾਇਆ ਹੈ, ਉਹ ਕਿਸੇ ਤੋਂ ਵੀ ਨਹੀਂ ਪੈਂਦਾ। ਇਹ ਸ੍ਰੀ ਦਸਮੇਸ਼ ਜੀ ਨੂੰ ਸਮਰੱਥਾ ਹੈ ਕਿ ਇਸ ਗੁਰਮਤਿ ਤੱਤ-ਸੱਚਾਈ ਨੂੰ ਹੀ ਸਪੱਸ਼ਟ ਤੌਰ ਤੇ ਦਰਸਾ ਕੇ ਸਿੱਧ ਕੀਤਾ ਜਾਏ ਕਿ ਨਾਮ-ਭਿੰਨੜੇ-ਪ੍ਰੇਮ ਬਿਨਾਂ ਸਾਰੇ ਕਰਮ ਧਰਮ ਨਿਸਫਲ ਹਨ। ਇਸ ਸੱਚਾਈ ਨੂੰ ਮੁਖ ਰਖ ਕੇ ਸ੍ਰੀ ਦਸਮੇਸ਼ ਜੀ ਨੇ ਸਮੱਗਰ ਆਨਮੱਤ ਨੇਤਾਵਾਂ ਦਾ ਪੋਲ ਖੋਲ੍ਹ ਕੇ ਸਪੱਸ਼ਟ ਕਰ ਦਿੱਤਾ ਹੈ ਕਿ ਨਾਮ-ਭਿੰਨੜਾ-ਪ੍ਰੇਮ ਸਿਵਾਏ ਗੁਰਮਤਿ ਦੇ ਕਿਸੇ ਵੀ ਅਨ-ਮੱਤ ਅੰਦਰਿ ਅਤੇ ਅਨ-ਮੱਤ ਨੇਤਾ ਦੇ ਕਿਸੇ ਵੀ ਮਿਸ਼ਨ ਅੰਦਰ ਨਹੀਂ ਪਾਇਆ ਜਾਂਦਾ। ਇਹ ਵਡਿਆਈ, ਇਸ ਤੱਤ ਸਤ ਸੱਚਿਆਈ ਨੂੰ ਇੰਨ ਬਿੰਨ ਪ੍ਰਗਟਾਉਣ ਲਈ, ਅਕਾਲ ਪੁਰਖ ਨੇ ਕੇਵਲ ਸ੍ਰੀ ਦਸਮੇਸ਼ ਜੀ ਨੂੰ ਬਖਸ਼ੀ।

ਇਤਨੇ ਪੂਰਨਿਆਂ ਦਾ ਮਾਲਕ ਹੁੰਦਾ ਹੋਇਆ ਭੀ ਸਾਡਾ ਸ੍ਰੀ ਦਸਮੇਸ਼ ਪਿਤਾ ਸ੍ਵਾਸ ਸ੍ਵਾਸ ਨਾਮ ਅਭਿਆਸ ਦੇ ਰੰਗਾ ਵਿਚ ਜੁੱਧਾ-ਜੰਗਾਂ ਵਿਚ ਅਹਿਨਿਸ ਰੱਤੜਾ ਹੀ ਰਹਿੰਦਾ ਹੈ। ਹੋਰ ਸਭ ਪੂਰਨੇ ਏਸ ਸੱਚਾਈ ਦੇ ਪੂਰਨੇ ਦੀ ਰੋਸ਼ਨੀ ਵਿਚ, ਸਮੱਗਰ ਤੌਰ ਤੇ ਆਏ ਸਪੱਸ਼ਟਾਏ ਗਿਣੇ ਜਾਂਦੇ ਹਨ।

---

## ਕਾਸ਼ ਅਸੀਂ ਸਿੱਖ ਹੁੰਦੇ

ਭਾਈ ਗੁਰਭੇਜ ਸਿੰਘ ਬਾਦਸ਼ਾਹ ਪੁਰੀ

ਕਾਸ਼ ਅਸੀਂ ਗੁਰੂ ਦੇ ਸਿੱਖ ਹੁੰਦੇ, ਗੁਰੂ ਕੀ ਮੋਹਰ ਕੇਸ ਕਟਵਾਉਂਦੇ ਨਾ।
ਦਾਹੜਾ ਕੇਸ ਮਰਦ ਦੀ ਸ਼ਾਨ ਹੁੰਦੀ ਅਣਖ ਬੇਗਾਨਿਆ ਹੱਥੋਂ ਮਿਟਾਉਂਦੇ ਨਾ।
ਸਾਬਤ ਸੂਰਤ ਜੋ ਰੱਬ ਬਣਾਈ, ਭੰਨ ਵਿਗਾੜ ਅਸੀਂ ਬੇਈਮਾਨ ਕਹਾਉਂਦੇ ਨਾ।
ਦੇਕੇ ਤਿਲਾਂਜਲੀ ਅਸੀ ਕੇਸਾਂ ਤਾਈਂ ਸਰਦਾਰੀਆਂ ਹੱਥੋ ਹੱਥੀਂ ਅਸੀਂ ਗਵਾਉਂਦੇ ਨਾ।
ਕਾਸ਼ ਅਸੀ ਗੁਰਾਂ ਦੇ ਸਿੱਖ ਹੁੰਦੇ ਆਪਣੀ ਜਵਾਨੀ ਨਸ਼ਿਆ ਵਿਚ ਲੁਟਾਉਂਦੇ ਨਾ।
ਘਰਾਂ ਦੇ ਘਰ ਉਜਾੜੇ ਇਹਨਾਂ ਨਸ਼ਿਆਂ, ਭਰ ਜਵਾਨੀ ਅਸੀ ਐਬਾਂ ਵਿਚ ਮੁਕਾਉਂਦੇ ਨਾ।
ਇਹਨਾਂ ਨਸ਼ਿਆਂ ਕਰੀ ਏ ਬੁੱਧ ਭਰਿਸ਼ਟ ਸਾਡੀ ਖਾ ਖਾ ਨਸ਼ੇ ਜਾਨ ਦੁੱਖਾਂ ਵਿਚ ਪਾਉਂਦੇ ਨਾ।
ਕਰ ਕਰ ਨਸ਼ੇ ਸਹੇੜ ਲਈਆਂ ਬਿਮਾਰੀਆਂ, ਫਿਰ ਵੀ ਅਸੀਂ ਕਦੇ ਪਛਤਾਉਂਦੇ ਨਹੀਂ।
ਕਾਸ਼ ਅਸੀ ਗੁਰੂ ਨਾਨਕ ਦੇ ਸਿੱਖ ਹੁੰਦੇ ਮਨਮਤੀਆਂ ਨੂੰ ਕਦੇ ਸੀਸ ਝੁਕਾਉਂਦੇ ਨਾ।
ਜਾਗਤ ਜੋਤ ਨੂੰ ਭੁਲਾ ਕੇ ਅਸੀਂ, ਕਦੇ ਦੰਭੀ ਪਾਖੰਡੀ ਗੁਰੂ ਮਨਾਉਂਦੇ ਨਾ।
ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਝੂਠ ਬੋਲਕੇ ਆਪਣੇ ਆਪ ਨੂੰ ਵੱਡੇ ਕਹਾਉਂਦੇ ਨਾ।
ਸੱਚੇ ਸਤਿਗੁਰੂ ਦਾ ਉਪਦੇਸ਼ ਭੁਲਾ ਕੇ, ਕਦੇ ਅਸੀਂ ਕੰਨਾਂ ਵਿਚ ਮੰਤਰ ਪਵਾਉਂਦੇ ਨਾ।
ਕਾਸ਼ ਗੁਰੂ ਗ੍ਰੰਥ ਸਾਹਿਬ ਦੇ ਸਿੱਖ ਹੁੰਦੇ ਗੁਰਾਂ ਦੀ ਦਿੱਤੀ ਸਿਖਿਆ ਮਨੋ ਭੁਲਾਉਂਦੇ ਨਾ।
ਜੇਕਰ ਸਾਨੂੰ ਮੌਤ ਦਾ ਡਰ ਹੁੰਦਾ ਅਸੀ ਸਿੱਖੀ ਸਿਧਾਂਤਾਂ ਦੀ ਕਦਰ ਘਟਾਉਂਦੇ ਨਾ।
ਕਾਸ਼ ਜਾਗਤ ਜੋਤ ਨਾਲ' ਹੁੰਦਾ ਨੇਹ ਭਾਈ ਫਿਰ ਆਪਣੇ ਆਪ ਨੂੰ ਮੱਥੇ ਟਿਕਾਉਂਦੇ ਨਾ।
ਬਾਦਸ਼ਾਹ ਪੁਰੀ, ਮਾੜਾ ਮੋਟਾ ਫਿਕਰ ਹੋਵੇ, ਫਿਰ ਸੰਗਤ ਪੰਗਤ ਦੀ ਰੀਤ ਭੁਲਾਉਂਦੇ ਨਾ।



www.AKJ.Org

# ਸੱਚਾ ਸੁੱਚਾ ਨੀਤੀ ਵੇਤਾ

(ਪ੍ਰਿੰ: ਸੱਜਣ ਸਿੰਘ ਜੀ)

ਨੀਤੀ ਇੱਕ ਜੁਗਤੀ ਹੈ, ਵਿਧੀ ਹੈ ਜਿਸ ਦੁਆਰਾ ਕੋਈ ਮਨੁੱਖ ਜੀਵਣ ਨੂੰ ਸੁਖਾਵਾਂ ਬਣਾ ਸਕੇ ਤੇ ਸਮਾਜ ਵਿਚ ਭਲਾਈ ਦਾ ਕਾਰਜ ਕਰਕੇ ਮਾਣ ਪ੍ਰਾਪਤ ਕਰ ਸਕੇ। ਇਸ ਦੀ ਸਹੀ ਵਰਤੋਂ ਕੰਮ ਵਿਚ ਸਫਲਤਾ ਬਖਸ਼ਦੀ, ਸੁੱਖ ਪਰਦਾਨ ਕਰਦੀ ਤੇ ਭੈੜੀ ਨੀਤੀ ਦੇ ਬਲ ਨੂੰ ਘਟਾਉਂਦੀ ਹੈ। ਜਿਹੜਾ ਪ੍ਰਾਣੀ ਸ਼ੁਭ ਨੀਤੀ ਦਾ ਮਾਲਕ ਨਹੀ ਉਹ ਬਾਜ਼ੀ ਜਿੱਤਦਾ ਹੋਇਆ ਵੀ ਹਾਰ ਜਾਂਦਾ ਹੈ। ਕੋਈ ਕਿੱਤਾ ਹੋਵੇ ਜਾਂ ਮਿਸ਼ਨ ਹੋਵੇ ਇਸ ਨੂੰ ਚੜ੍ਹਦੀ ਕਲਾ ਵਿਚ ਲਿਜਾਣ ਲਈ ਪਰ ਉਪਕਾਰ ਤੇ ਸਦਾਚਾਰਕ ਕੀਮਤਾ ਦਾ ਅਮਲੀ ਰੂਪ ਵਿਚ ਹੋਣਾ ਅਵੱਸ਼ਕ ਹੈ।

ਜਿਸ ਨੀਤੀ ਦਾ ਆਧਾਰ ਅਤਿਆਚਾਰ ਵਿਤਕਰਾ ਜਾਂ ਕਪਟ ਹੁੰਦਾ ਹੈ,।ਉਸ ਦੀ ਸ਼ਕਤੀ ਨੂੰ ਖੇਰੂੰ ਖੇਰੂੰ ਕਰਨ ਜਾਂ ਬਿਫਲ ਕਰਨ ਲ਼ਈ ਇਕ ਨਾ ਇਕ ਦਿਨ ਕੋਈ ਪਾਵਨ ਪਵਿੱਤਰ ਆਤਮਾ ਸੰਸਾਰ ਵਿਚ ਜ਼ਾਹਰਾ ਰੂਪ ਵਿਚ ਪ੍ਰਗਟ ਹੋ ਜਾਂਦੀ ਹੈ।ਇਹ ਕਰਮ ਦਾ ਪ੍ਰਤੀਕਰਮ ਭੀ ਹੈ ਤੇ ਦੈਵੀ ਨਿਯਮ ਭੀ। ਇਸ ਤੋਂ ਇਲਾਵਾ ਇਤਿਹਾਸ ਭੀ ਇਸ ਤੱਤ ਦੀ ਪੁਸ਼ਟੀ ਕਰਦਾ ਹੈ। ਇਉਂ ਰਾਜ ਪ੍ਰਬੰਧ ਨੂੰ ਸਹੀ ਢੰਗ ਨਾਲ ਚਲਾਉਣ ਲਈ ਜਿਸ ਨੀਤੀ ਜਾਂ ਜੁਗਤੀ ਦਾ ਪ੍ਰਯੋਗ ਹੁੰਦਾ ਹੈ, ਉਸ ਨੂੰ ਰਾਜ ਨੀਤੀ ਆਖਿਆ ਗਿਆ ਹੈ। ਵਰਤਮਾਨ ਯੁੱਗ ਵਿਚ ਹਾਕਮਾਂ ਤੇ ਰਾਜ ਪ੍ਰਬੰਧਕਾਂ ਦੀ ਛਬੀ ਵਿਚ ਗਿਰਾਵਟ ਹੋਣ ਕਰਕੇ ਸ਼ਬਦ ਰਾਜਨੀਤੀ ਬਹੁਤ ਬਦਨਾਮ ਹੋ ਗਿਆ ਹੈ।ਇਸ ਵਿਚ ਸ਼ੱਕ ਨਹੀ ਕਿ ਰਾਜਿਆਂ ਦੀ ਜਿਹੀ ਨੀਅਤ ਹੁੰਦੀ ਹੈ,ਤਿਹੀ ਹੀ ਰਾਜ ਨੀਤੀ ਹੁੰਦੀ ਹੈ।

ਗੁਰੂ ਸਾਹਿਬਾਨ ਜੀ ਦੇ ਕਾਲ ਵਿਚ ਮੁਗਲਾਂ ਦੀ ਨੀਤੀ ਉਸ ਦੀ ਭਾਵਨਾ ਜਾਂ ਮਿਸ਼ਨ ਤੋਂ ਵੱਖਰੀ ਨਹੀਂ ਸੀ। ਉਨ੍ਹਾਂ ਦਾ ਮੁੱਖ ਉਦੇਸ਼ ਮੁਗਲੀਆ ਸਲਤਨਤ ਨੂੰ ਕਾਇਮ ਕਰਨ ਪਰਪੱਕ ਕਰਨ ਤੇ ਹਿੰਦੂ ਜਾਤੀ ਨੂੰ ਕਾਫਰ ਕਹਿ ਕੇ ਇਸਲਾਮ ਵਿਚ ਲਿਆਉਣ ਦਾ ਸੀ।ਇਸ ਦੀ ਪੂਰਤੀ ਲਈ ਉਨ੍ਹਾਂ ਨੇ ਰਾਜਨੀਤੀ ਦੇ ਚਾਰੇ ਅੰਗ, ਸ੍ਰਮ, ਦਾਨ, ਦੰਡ, ਭੇਦ ਪੂਰੀ ਸ਼ਕਤੀ ਨਾਲ ਵਰਤੋਂ ਵਿਚ ਲਿਆਂਦੇ ਸਨ। ਸਖੀ ਸਰਵਰ ਸੁਲਤਾਨ ਦੁਆਰਾ ਕਈ ਹਿੰਦੂਆਂ ਨੂੰ ਵੀ ਆਪਣੇ ਉਪਾਸ਼ਕ ਬਣਾਉਣ ਦੀ ਸਫਲਤਾ ਤੇ ਅਕਬਰ ਦੇ ਸਰਬ ਸਾਂਝੇ ਧਰਮ ਦੀਨ ਇਲਾਹੀ ਦੀ ਖੁੱਲ ਦਿਲੀ ਨੇ ਮੁਗਲ ਰਾਜ ਦੀ ਜੜ੍ਹਾਂ ਮਜਬੂਤ ਕਰਨ ਵਿਚ ਕਾਫੀ ਸਹਾਇਤਾ ਕੀਤੀ ਸੀ। ਹਿੰਦੂ ਰਾਜਿਆਂ ਵਿਚ ਫੁੱਟ ਪਾ ਕੇ ਉਨ੍ਹਾਂ ਨਾਲ ਵੱਖ ਵੱਖ ਵਰਤਾਉ ਕਰਕੇ ਅਰਥਾਤ ਕਿਸੇ ਦੇ ਰਾਜ ਨੂੰ ਆਪਣੇ ਰਾਜ ਵਿਚ ਸ਼ਾਮਲ ਕਰਕੇ ਤੇ ਕਿਸੇ ਤੋਂ ਖਰਾਜ ਲੈ ਕੇ ਉਸ ਨੂੰ ਰਾਜੇ ਦੀ ਹੈਸੀਅਤ ਵਿਚ ਰੱਖ ਕੇ ਮੁਗਲ ਹਕੂਮਤ ਇਨ੍ਹਾਂ ਤੋਂ ਬੇਫ਼ਿਕਰ ਹੋ ਚੁੱਕੀ ਸੀ। ਰਾਜਪੂਤਾਂ ਨੂੰ ਆਕੀ ਹੋਣ ਤੋਂ ਰੋਕਣ ਲਈ ਉਨ੍ਹਾਂ ਨੂੰ ਉਚੀਆਂ ਪਦਵੀਆਂ ਦਾ ਲਾਲਚ ਦਿੱਤਾ ਉਨ੍ਹਾਂ ਦੀਆਂ ਲੜਕੀਆਂ ਦਾ ਡੋਲਾ ਆਪਣੇ ਘਰ ਲਿਆਂਦਾ ਜਿਹੜਾ ਮੁਗਲ ਹਕੂਮਤ ਦੇ ਹਿੱਤ ਵਿਚ ਸਾਬਤ ਹੋਇਆ। ਇਸ ਦੇ ਇਲਾਵਾ ਸਾਡੇ ਸਮਾਜ ਦੇ ਉੱਚ ਜਾਤੀਆਂ ਵਲੋਂ ਕੀਤੇ ਜਬਰ ਘ੍ਰਿਣਾ ਤੇ ਵਿਤਕਰੇ ਦੇ ਫਲਸਰੂਪ ਨੀਚ ਜਾਤੀ ਦੇ ਕੁਝ ਲੋਕ ਆਪਣਾ ਧਰਮ ਤਿਆਗਣ ਵਿਚ ਹੀ ਆਪਣੀ ਭਲਾਈ ਸਮਝਦੇ ਸਨ। ਏਥੇ ਇਹ ਦੱਸਣਾ ਮੁਨਾਸਬ ਹੋਵੇਗਾ ਕਿ ਮੁਗਲ ਹਕੂਮਤ ਦੀ ਰਾਜਨੀਤੀ ਦੀ ਅੰਸ਼ ਮਾਤਰ ਤਸਵੀਰ ਖਿੱਚਣ ਦਾ ਭਾਵ ਉਸ ਸਮੇਂ ਦੇ ਵਾਤਾਵਰਣ ਨੂੰ ਦਰਸਾਉਣਾ ਹੈ।

ਐਸੇ ਭੈਦਾਇਕ ਮਾਹੌਲ ਵਿਚ ਮੁਗਲ ਹਕੂਮਤ ਨੂੰ ਚੁਣੌਤੀ ਦੇਣਾ ਕਿੰਨਾ ਕਠਨ ਤੇ ਖਤਰੇ ਭਰਿਆ ਸੀ। ਮਰਹੱਟਿਆਂ ਨੇ ਸੰਘਰਸ਼ ਭਰੀ ਆਵਾਜ਼ ਉਠਾਈ ਜਿਹੜੀ ਸਮਾਂ ਪਾ ਕੇ ਧੀਮੀ ਪੈ ਗਈ। ਵਾਸਤਵ ਵਿਚ ਇਸ ਕਾਰਜ ਲਈ ਤਿਆਗਮਈ ਰੁਚੀ ਤੇ ਕੁਰਬਾਨੀ ਦਾ ਜਜ਼ਬਾ ਉਤਪੰਨ ਹੋਣਾ ਚਾਹੀਦਾ ਕੁਰਬਾਨੀ ਦੇ ਜਜ਼ਬੇ ਨਾਲ ਪਰਪੀੜਾ ਹਰਨ ਦੀ ਹਿੰਮਤ ਦੀ ਲੋੜ ਤੇ ਧੀਰਜ ਦ੍ਰਿੜਤਾ ਜੈਸੇ ਦੈਵੀ ਗੁਣ ਧਾਰਨ ਕਰਨੇ ਭੀ ਜ਼ਰੂਰੀ ਬਣਦੇ ਹਨ। ਉਸ ਸਮੇਂ ਦੇ ਹਾਲਾਤ ਮੰਗ ਕਰਦੇ ਸਨ ਐਸੇ ਮਰਜੀਵੜੇ ਜੋਧੇ ਦੀ ਜਿਸ ਦੇ ਹਿਰਦੇ ਵਿਚ



www.AKJ.Org

ਹਿੰਮਤ ਬਹਾਦਰੀ ਤੇ ਸੂਰਮਗਤੀ ਕੁੱਟ ਕੁੱਟ ਕੇ ਭਰੀ ਹੋਵੇ, ਸ਼ਸ਼ਤਰ ਚਲਾਉਣ ਵਿਚ ਨਿਪੁੰਨਤਾ ਅਗਵਾਈ ਲਈ ਯੋਗਤਾ ਨੀਵੇ ਉੱਚਾ ਕਰਨ ਦਾ ਚਾਊ ਤੇ ਗਿੱਦੜ ਨੂੰ ਸ਼ੇਰ ਬਣਾਉਣ ਦੀ ਸਮਰੱਥਾ ਹੋਵੇ।

ਉਸ ਸਮੇ ਭਾਰਤ ਵਿਚ ਐਸੀ ਸਖਸ਼ੀਅਤ ਕੇਵਲ ਗੁਰੂ ਨਾਨਕ ਦੇਵ ਜੀ ਦੀ ਜੋਤਿ ਸੀ ਜਿਸ ਨੇ ਮੁਗਲ ਰਾਜ ਤੇ ਉਸ ਦੀ ਰਾਜਨੀਤੀ ਨੂੰ ਖੰਡ ਖੰਡ ਕਰਨ ਲਈ ਕਮਰ ਕੱਸਾ ਕੀਤਾ ਸੀ। ਪੰਚਮ ਪਾਤਸ਼ਾਹ ਤੱਕ ਅਹਿੰਸਾ ਸਹਿਨਸ਼ੀਲਤਾ ਤੇ ਸ਼ਹਾਦਤ ਦਾ ਮਾਰਗ ਤੈਅ ਹੋ ਚੁੱਕਿਆ ਸੀ ਇਸ ਤੋਂ ਅਗਲਾ ਮਾਰਗ ਕੇਵਲ ਸ੍ਵੈ ਬਚਾਉ ਦਾ ਨਹੀਂ ਸੀ, ਹਥਿਆਰ ਫੜ ਕੇ ਵਾਰ ਕਰਨ ਦਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਦਾਦਾ ਜੀ ਦੀਆ ਲੀਹਾਂ ਤੇ ਚੱਲਣ, ਬਾਦਸ਼ਾਹੀ ਠਾਠ ਬਾਠ ਦਾ ਜੀਵਣ ਬਿਤਾਉਣ ਤੇ ਜਾਲਮ ਨੂੰ ਸੋਧਣ ਦੀ ਪਰਉਪਕਾਰੀ ਕਰਨੀ ਨੂੰ ਖਾਲਸਾ ਪੰਥ ਦੇ ਕਰਤਵ ਵਿਚ ਸਾਮਲ ਕਰ ਦਿੱਤਾ ।

ਰਾਜਨੀਤੀ ਦਾ ਸਬਦ ਗੁਰਦੇਵ ਜੀ ਦੀ ਪਾਵਨ ਸਖਸੀਅਤ ਨਾਲ ਵੀ ਢੁੱਕਦਾ ਹੈ ਕਿਉਂਕਿ ਆਪ ਰਾਜਨਿ ਰਾਜ ਸਾਹਿ ਸਾਹਿਨਸਾਹ ਤੇ ਬਾਦਸ਼ਾਹ ਦਰਵੇਸ਼ ਹਨ। ਆਪ ਜੀ ਦੇ ਤੁਖਤ ਦੀ ਤੇ ਅਕਾਲੀ ਸੈਨਾ ਖਾਲਸੇ ਦੀ ਮਹਿਮਾ ਨਿਆਰੀ ਤੇ ਅਨੂਪਮ ਹੈ। ਸੰਸਾਰ ਦੇ ਹੋਰ ਤਖਤ ਰਚਦੇ ਤੇ ਮਿਟਦੇ ਆਏ ਹਨ, ਪਰ ਆਪ ਜੀ ਦਾ ਤਖਤਿ ਬਾਲਾ ਨਾਲ ਰਹਿਤ ਅਬਿਨਾਸੀ ਅਕਾਲ ਤਖਤ ਹੈ।ਵਰਤਮਾਨ ਤੇ ਭਵਿੱਖ ਵਿਚ ਇਸ ਤਖਤ ਨੂੰ ਸੁਸ਼ੋਭਤ ਕਰਨ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਜਿਨ੍ਹਾਂ ਦੀ ਰੱਖਣ ਵਾਲੀ ਹੈ।

ਆਪ ਜੀ ਕੋਲ ਤਾਜ ਸੀ ਬਾਜ ਸੀ, ਜੂਝਣ ਲਈ ਅਣਖੀਲੇ ਸੂਰਮੇ ਸਨ, ਪਰ ਆਪ ਦਾ ਰਾਜ ਕਿਸੇ ਦੀ ਧਰਤੀ ਤੇ ਨਹੀਂ ਸੀ। ਹਜ਼ੂਰ ਹਾਥੀ ਘੋੜੇ ਤੇ ਭਾਂਤ ਭਾਂਤ ਦੇ ਸ਼ਸਤਰਾਂ ਦੇ ਮਾਲਕ ਸਨ ਪਰ ਹਥਿਆਰਾਂ ਦੀ ਵਰਤੋਂ ਗਊ ਗਰੀਬ ਮਜ਼ਲੂਮ ਤੇ ਬੇਕਸੂਰ ਪ੍ਰਾਣੀ ਦੀ ਰੱਖਿਆ ਲਈ ਤੇ ਇਨਸ਼ਾਫ ਦਿਵਾਉਣ ਲਈ ਹੁੰਦੀ ਸੀ। ਨਾ ਕਿ ਅਤਿਆਚਾਰ ਕਮਾਉਣ ਲਈ। ਹਜ਼ੂਰਾਂ ਨੇ ਅਨੇਕਾਂ ਲੜਾਈਆਂ ਲੜੀਆਂ ਪਰ ਵਾਸਤਵ ਵਿਚ ਇਹ ਲੜਨੀਆਂ ਪਈਆਂ ਕਿਉਕਿ ਆਪ ਜੀ ਨੇ ਕਦੇ ਵੀ ਕਿਸੇ ਦਾ ਪਦਾਰਥ ਖੋਹਣ ਧਰਤੀ ਮੱਲਣ ਜਾ ਧਰਮ ਪਰਿਵਰਤਨ ਲਈ ਯੁੱਧ ਨਹੀਂ ਕੀਤਾ ਆਪਜੀ ਦਾ ਮੁੱਖ ਉਦੇਸ਼ ਅਤਿਆਚਾਰ ਰੋਕਣ, ਅਣਖੀ ਜੀਵਣ ਬਿਤਾਉਣ, ਸਮਾਜਕ ਸਮਾਨਤਾ ਲਿਆਉਣ ਧਾਰਮਕ ਸੁਤੰਤਰਤਾ ਪਰਦਾਨ ਕਰਨ ਤੇ ਆਤਮ ਨਿਰਭਰਤਾ ਦੀ ਸੋਝੀ ਦੇ ਕੇ ਹਰ ਇਕ ਮਨੁੱਖ ਨੂੰ ਕਾਲ ਪੁਰਸ਼ ਬਣਾਉਣ ਅਰਥਾਤ ਸੰਤ ਸਿਪਾਹੀ ਦੇ ਰੁਤਬੇ ਤਕ ਪਹੁੰਚਾਉਣ ਦਾ ਸੀ।

ਸਤਿਗੁਰ ਦੀ ਨੀਤੀ ਪੱਖਵਾਦੀ ਨਹੀ ਸਰਬ ਸਾਂਝੀ ਸੀ। ਆਪ ਜੀ ਦਾ ਧਰਮ ਸਹੀ ਅਰਥਾਂ ਵਿਚ ਮਾਨਵਤਾ ਦਾ ਧਰਮ ਸੀ ਇਹ ਵੀ ਸੰਜੋਗ ਦੀ ਗੱਲ ਸੀ ਕਿ ਪੰਜ ਪਿਆਰੇ ਵੱਖ ਵੱਖ ਜਾਤੀਆ ਨਾਲ ਸੰਬੰਧਤ ਸਨ ਸਭ ਦਾ ਰਾਜਯ ਵੀ ਅਲੱਗ ਅਲੱਗ ਸੀ। ਮਨ ਦੀ ਨਿਰਮਲਤਾ ਬਿਨਾਂ ਸਭ ਨੂੰ ਇੱਕ ਅੱਖ ਨਾਲ ਨਹੀ ਦੇਖਿਆ ਜਾਂਦਾ ਹਜ਼ੂਰ ਦਾ ਦਰ ਸਭ ਲਈ ਸਾਂਝਾ ਸੀ। ਭੰਗਾਣੀ ਦੇ ਯੁੱਧ ਵਿਚ ਪੀਰ ਬੁੱਧੂ ਸ਼ਾਹ ਨੇ ਆਪਣੇ ਚਾਰੇ ਸਪੁੱਤਰਾਂ ਸਮੇਤ ਸੱਤ ਸੌ ਮੁਰੀਦ ਵੀ ਜੰਗ ਵਿਚ ਭੇਜੇ ਸਨ। ਗਨੀ ਖਾਨ ਤੇ ਨਬੀ ਖਾਨ ਨੇ ਮੁਗਲ ਹਕੂਮਤ ਦੇ ਕ੍ਰੋਧ ਦੀ ਪਰਵਾਹ ਨਾ ਕਰਦਿਆਂ ਸਾਥ ਨਿਭਾਇਆ ਸੀ। ਮੁਸਲਮਾਨਾਂ ਦੇ ਦਿਲਾਂ ਨੂੰ ਜਿੱਤਣਾ ਹੀ ਇਕ ਬਹੁਤ ਵੱਡੀ ਜਿੱਤ ਸੀ।ਨੀਤੀਵੇਤਾ ਚਾਣਕਯ ਅਨੁਸਾਰ ਰਾਜੇ ਦਾ ਧਰਮ ਪਰਜਾ ਨੂੰ ਪ੍ਰਸੰਨ ਰੱਖਣਾ ਹੈ ਤੇ ਪ੍ਰਸੰਨ ਰੱਖਣ ਲਈ ਉਨ੍ਹਾਂ ਨਾਲ ਮੇਲ ਜੋਲ ਰੱਖਣਾ ਤੇ ਉਨ੍ਹਾਂ ਦੇ ਦੁੱਖਾਂ ਨਾਲ ਸਾਂਝੀਵਾਲ ਬਣਨਾ ਲਾਜ਼ਮੀ ਹੈ। ਜਿਹੜੇ ਰਾਜੇ ਜਾਂ ਹਾਕਮ ਪਰਜਾ ਤੋਂ ਦੂਰੀ ਰੱਖਦੇ ਉਹ ਨਸ਼ਟ ਕਰਨ ਤੇ ਤੁੱਲੇ ਹੋਏ ਹੁੰਦੇ ਹਨ, ਮੁਗਲਾਂ ਨੇ ਪਰਜਾ ਨੂੰ ਕਿਵੇਂ ਖੁਸ਼ ਕਰਨਾ ਸੀ, ਉਹ ਤਾਂ ਵੱਡੀ ਗਿਣਤੀ ਵਾਲੇ ਹਿੰਦੂਆਂ ਨਾਲ ਵਿਤਕਰੇ ਭਰਿਆ ਵਰਤਾਉ ਕਰਦੇ ਸਨ। ਆਪ ਨਿਆ ਸਾਰਿਆਂ ਦੇ ਆਸਰੇ ਤੇ ਨਿਓਟਿਆ ਦੀ ਓਟ ਸਨ, ਦੁਖੀਆਂ ਦੀ ਫਰਿਆਦ ਸੁਣ ਕੇ ਉਨ੍ਹਾਂ ਦੇ ਕਸ਼ਟ ਨਿਵਾਰਨ ਦਾ ਉਪਦੇਸ਼ ਗੁਰਸਿੱਖਾਂ ਦੀ ਰਗ ਰਗ ਵਿਚ ਸਮਾਇਆ ਹੋਇਆ ਸੀ। ਜਿਸ ਦਾ ਕੋਈ ਨਹੀਂ ਸੀ। ਉਸ ਦੇ ਆਪ ਸਨ। ਕਿਸੇ ਤੇ ਵਧੀਕੀ ਹੁੰਦੀ ਤਕ ਕੇ ਆਪ ਦਾ ਕੋਮਲ ਹਿਰਦਾ ਦ੍ਰਵ ਜਾਂਦਾ ਜਦ ਕਦੇ ਵੀ ਕੋਈ ਹਾਕਮ ਹਿੰਦੂਆਂ ਦੀਆ ਬਹੂ ਬੇਟੀਆਂ ਦੀ ਪੱਤ ਲਾਹੁਣ ਦੀ ਕੋਸ਼ਿਸ਼ ਕਰਦਾ ਗੁਰਦੇਵ ਜੀ ਉਸੇ ਵੇਲੇ ਆਪਣੇ ਪਿਆਰੇ ਗੁਰਸਿੱਖਾਂ ਨੂੰ ਉਨ੍ਹਾਂ ਨੂੰ ਮੁਕਤ



www.AKJ.Org

ਕਰਵਾਉਣ ਤੇ ਦੋਸ਼ੀ ਦੀ ਸੁਧਾਈ ਕਰਨ ਲਈ ਭੇਜ ਦਿੰਦੇ। ਆਪ ਔਖੇ ਤੇ ਔਖੇ ਕੰਮ ਨੂੰ ਕਰਨ ਤੋਂ ਪਿਛਾਂਹ ਨਾ ਹਟਦੇ। ਭਾਈ ਨੰਦ ਲਾਲ ਜੀ ਨੇ ਆਖਿਆ ਸੀ।

ਕਾਦਰਿ ਹਰ ਕਾਰ ਗੁਰ ਗੋਬਿੰਦ ਸਿੰਘ॥ ਬੇਕਸਾਂ ਰਾ ਯਾਰ ਗੁਰ ਗੋਬਿੰਦ ਸਿੰਘ॥

ਆਪ ਜੀ ਦੀ ਗੁਰਸਿਖਾ ਨੂੰ ਖਾਸ ਹਿਦਾਇਤ ਸੀ ਕਿ ਡਿੱਗੇ ਹੋਏ ਜਾਂ ਘਾਇਲ ਹੋਏ ਤੇ ਵਾਰ ਨਹੀ ਕਰਨਾ ਪਰਾਈ ਇਸਤਰੀ ਨੂੰ ਮਾ ਭੈਣ ਜਾਂ ਬੇਟੀ ਤੁੱਲ ਸਮਝਣਾ ਭਾਈ ਕਨ੍ਹਈਆ ਦੁਆਰਾ ਜੰਗ ਦੇ ਮੈਦਾਨ ਵਿਚ ਆਪਣਿਆ ਤੇ ਬੇਗਾਨਿਆ ਨੂੰ ਇਕ ਅੱਖ ਨਾਲ ਤੱਕਣਾ ਤੇ ਸਭ ਨੂੰ ਪਾਣੀ ਦੁਆਰਾ ਜੀਅ ਦਾਨ ਦੇਣਾ ਹਜ਼ੂਰ ਦੀ ਸਮਦ੍ਰਿਸਟੀ ਦੀ ਮੂੰਹ ਬੋਲਦੀ ਤਸਵੀਰ ਹੈ। ਹਜ਼ੂਰ ਦੀ ਆਪਣੀ ਕਰਨੀ ਬੇਮਿਸਾਲ ਅਨੋਖੀ ਤੇ ਉਪਕਾਰ ਭਰੀ ਸੀ। ਆਪ ਕਦੇ ਵੀ ਪਹਿਲਾਂ ਵਾਰ ਨਹੀਂ ਕਰਦੇ। ਵੈਰੀ ਨੂੰ ਪਹਿਲਾਂ ਵਾਰ ਕਰਨ ਦਾ ਅਵਸਰ ਦੇਣਾ ਇਕ ਮਹਾਨ ਜੋਧੇ ਨੂੰ ਹੀ ਸ਼ੋਭਦਾ ਹੈ। ਸੰਸਾਰ ਵਿਚ ਅੱਜ ਤਕ ਜਿੰਨੇ ਵੀ ਤੀਰ ਅੰਦਾਜ ਹੋਏ ਹਨ ਉਨ੍ਹਾਂ ਨੇ ਕੇਵਲ ਮੌਤ ਦਾ ਹੀ ਸੰਦੇਸ਼ ਦਿੱਤਾ ਹੈ.ਹਮਦਰਦੀ ਜਾਂ ਭਲਾਈ ਦਾ ਨਹੀ ਆਪ ਜੀ ਤੇ ਕੇਵਲ ਆਪ ਜੀ ਦੇ ਤੀਰਾਂ ਵਿਚ ਇਹ ਖੂਬੀ ਸੀ ਕਿ ਉਨ੍ਹਾ ਵਿਚ ਏਨਾ ਸੋਨਾ ਲੱਗਾ ਹੁੰਦਾ ਸੀ ਜਿਸ ਨਾਲ ਜ਼ਖਮੀ ਹੋਣ ਦੀ ਸੂਰਤ ਵਿਚ ਇਲਾਜ ਹੋ ਸਕੇ ਤੇ ਕਾਲਵਾਸ ਹੋਣ ਤੇ ਕਫਨ ਖਰੀਦਿਆ ਜਾ ਸਕੇ। ਉਦਾਰ ਚਿੱਤ ਤੇ ਹਮਦਰਦੀ ਦਾ ਇਹ ਪ੍ਰਗਟਾਵਾ ਰੱਬੀ ਗੁਣਾ ਦਾ ਲੇਖਾਇਕ ਹੈ ਤੇ ਗੁਰਦੇਵ ਜੀ ਦੀ ਨਿਰਮਲ ਆਤਮਾ ਤੇ ਮਨ ਨੂੰ ਦਰਸਾਉਂਦਾ ਹੈ।

ਸ੍ਰੀ ਗੁਰੂ ਨਾਨਕ ਜੀ ਨੇ ਰਾਗ ਤੇ ਗੁਰਬਾਣੀ ਨੂੰ ਇੱਕਠਾ ਕੀਤਾ ਤੇ ਇਸ ਦਾ ਨਾਉਂ ਕੀਰਤਨ ਰੱਖਿਆ। ਆਪ ਜੀ ਨੇ ਰਾਜਨੀਤੀ ਵਿਚ ਸਚਾਈ ਨਿਰਮਲਤਾ ਰੱਬੀ ਗੁਣ ਤੇ ਹੋਰ ਕਈ ਇਖਲਾਕੀ ਤੱਤਾ ਦਾ ਰੰਗ ਭਰਿਆ। ਦੁਸਮਨ ਦੀ ਝੂਠ ਤੇ ਕਪਟ ਭਰੀ ਨੀਤੀ ਦਾ ਉੱਤਰ ਮਨੋਬਲ ਤੇ ਬਾਹੂ ਲਾਲ ਨਾਲ ਦਿੱਤਾ। ਇਤਿਹਾਸ ਗਵਾਹ ਹੈ ਕਿ ਚਮਕੌਰ ਦੀ ਗੜ੍ਹੀ ਵਿਚ ਜਦ ਆਪ ਸਿੱਖਾਂ ਦਾ ਸਾਥ ਛੱਡਣਾ ਨਹੀ ਚਾਹੁੰਦੇ ਸਨ ਤੇ ਵੈਰੀਆ ਦੇ ਆਹਮਣੇ ਸਾਹਮਣੇ ਆਪਣੇ ਤੀਰਾ ਦਾ ਕਰਤਬ ਦਿਖਾਉਣਾ ਚਾਹੁੰਦੇ ਸਨ ਤਾਂ ਪੰਜਾਂ ਸਿੰਘਾਂ ਦੀ ਆਗਿਆ ਰੂਪ ਬੇਨਤੀ ਜਾ ਬੇਨਤੀ ਰੂਪ ਆਗਿਆ ਮੰਨ ਲਈ ਕਿ ਉਹ ਖਾਲਸਾ ਪੰਥ ਦੀ ਭਲਾਈ ਲਈ ਸੁਰਖਿਅਤ ਬਾਹਰ ਨਿਕਲ ਜਾਣ ਪਰ ਕਾਇਰਾਂ ਵਾਂਗਰ ਚੋਰੀ ਨਿਕਲਣਾ ਪਰਵਾਨ ਨਹੀਂ ਕੀਤਾ। ਆਪ ਜੀ ਦੀ ਜੁਗਤੀ ਵਿਉਂਤ ਤੇ ਦਲੇਰੀ ਏਨੀ ਗਜ਼ਬ• ਦੀ ਸੀ ਕਿ ਬਾਹਰ ਨਿਕਲਣ ਵੇਲੇ ਆਪ ਜੀ ਨੇ ਤਾੜੀ ਮਾਰ ਕੇ ਉਚੀ ਆਵਾਜ਼ ਵਿਚ ਪੁਕਾਰਿਆ ਕਿ ਹਿੰਦ ਦਾ ਪੀਰ ਜਾ ਰਿਹਾ ਹੈ।ਸੱਚੇ ਗੁਰਦੇਵ ਜੀ ਆਪਣੇ ਦੋ ਸਿੱਖਾ ਸਮੇਤ ਕਾਲੀ ਬੋਲੀ ਰਾਤ ਹਨੇਰੀ ਦਾ ਲਾਭ ਉਠਾਉਂਦੇ ਤੇ ਵੈਰੀਆਂ ਦੀ ਸਫਾ ਚੀਰਦੇ ਕਿਵੇਂ ਬਾਹਰ ਨਿਕਲ ਗਏ ਇਕ ਕੌਤਕ ਤੋਂ ਘੱਟ ਨਹੀਂ ਸੀ। ਇਕ ਮੁਗਲਾਂ ਦੀ ਬੇਫਿਕਰੀ ਨੀਂਦ ਤੇ ਨੀਤੀ ਦੀ ਘਾਟ ਦਾ ਨਤੀਜਾ ਸੀ ਦੂਜੇ ਪਾਸੇ ਕਲਗੀਧਰ ਪਾਤਸ਼ਾਹ ਦੀ ਪਾਵਨ ਸ਼ਖਸ਼ੀਅਤ ਜੁਰਅਤ ਆਤਮ ਵਿਸ਼ਵਾਸ ਦਾ ਪ੍ਰਭਾਵ ਤੇ ਅਕਾਲ ਪੁਰਖ ਦੀ ਬਖਸ਼ਸ਼ ਸੀ।

ਜ਼ਫਰਨਾਮਹ ਵਿਚ ਸਤਿਗੁਰੂ ਜੀ ਦੇ ਲਿਖੇ ਬਚਨਾਂ ਅਨੁਸਾਰ ਸਾਡੇ ਸਰੀਰ ਨੂੰ ਕੋਈ ਕਸ਼ਟ ਨਹੀ ਪਹੁੰਚਾ ਅਰਥਾਤ ਬਾਲ ਤਕ ਵਿੰਗਾ ਨਹੀ ਹੋਇਆ ਵੈਰੀ ਨੂੰ ਸੰਘਾਰਨ ਵਾਲਾ ਅਕਾਲ ਪੁਰਖ ਆਪ ਸਾਨੂੰ ਵੈਰੀ ਦੇ ਘੇਰੇ ਵਿਚ ਬਾਹਰ ਲੈ ਆਇਆ।

ਨ ਪੇਚੀਦ ਮੂਏ ਨ ਰੰਜੀਦ ਤਨ॥ ਕਿ ਬੇਰੂੰ ਖੁਦ ਆਵੁਰਦ ਦੁਸ਼ਮਨ ਸ਼ਿਕਨ॥


## ਗੁਰਮਤਿ ਸਾਹਿਤ ਨੂੰ ਰੱਦੀ ਵਿਚ ਨਾ ਵੇਚੋ ਜੀ

*ਸਮੂਹ ਸੰਗਤਾਂ ਪ੍ਰਤੀ ਬੇਨਤੀ ਹੈ ਕਿ ਸੂਰਾ ਪੱਤਰ ਦੇ ਪੁਰਾਣੇ ਅੰਕ ਅਤੇ ਹੋਰ ਗੁਰਮਤਿ ਸਾਹਿਤ ਰੱਦੀ ਵਿਚ ਵੇਚ ਕੇ ਗੁਰਬਾਣੀ ਦੀ ਬੇ-ਅਦਬੀ ਦੇ ਭਾਗੀ ਨਾ ਬਣੋ ਜੀ ਸਗੋਂ ਇਹ ਸਾਹਿਤ ਹੋਰਨਾਂ ਲੋਕਾਂ ਨੂੰ ਪੜ੍ਹਾ ਕੇ ਗੁਰਮਤਿ ਪ੍ਰਚਾਰ ਵਿਚ ਹਿੱਸਾ ਪਾਉ ਜੀ ਪੁਰਾਣੇ ਸੂਰਾ ਪੱਤਰ ਜਾਂ ਹੋਰ ਸਾਹਿਤ ਸੂਰਾ ਦਫਤਰ ਜਾਂ ਸਟਾਲ ਤੇ ਵੀ ਪਹੁੰਚਾਇਆ ਜਾ ਸਕਦਾ ਹੈ ਜਿਥੋਂ ਕਿ ਚਾਹਵਾਨ ਸੰਗਤਾਂ ਨੂੰ ਇਹ ਪੁਰਾਣੇ ਅੰਕ ਬਿਲਕੁਲ ਭੇਟਾ ਰਹਿਤ ਦਿੱਤੇ ਜਾਦੇ ਹਨ।*





www.AKJ.Org

# ਕਲਗੀਧਰ ਪਾਤਸ਼ਾਹ ਦਾ ਜੀਵਨ-ਚਮਤਕਾਰ

*(ਪ੍ਰਿੰ: ਹਰਭਜਨ ਸਿੰਘ ਜੀ)*

ਅਕਾਲ ਪੁਰਖ ਦੇ "ਨਿਵਾਜੇ ਸੁੱਤ" ਤੇ "ਜਗਤ ਤਮਾਸ਼ਾ" ਵੇਖਣ ਆਏ, ਪਰਮ ਪੁਰਖ ਵਾਹਿਗੁਰੂ ਜੀ ਦੇ ਦਾਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਦੁੱਤੀ ਸਖਸ਼ੀਅਤ ਨੂੰ ਆਪਣੀ ਆਪਣੀ ਸੀਮਤ ਮਨੁੱਖ ਬੁੱਧੀ ਤੇ ਬੱਲ ਅਨੁਸਾਰ ਸਮਕਾਲੀਏ ਤੇ ਬਾਅਦ ਦੇ ਇਤਿਹਾਸਕਾਰਾਂ, ਪੜਚੋਲੀਆ, ਕਵੀਆਂ, ਅਨਮੱਤੀਆ ਤੇ ਸ਼ਰਧਾਲੂਆ ਵਲੋਂ ਰੂਪਮਾਨ ਕਰਨ ਦਾ ਜਤਨ ਹੁੰਦਾ ਆਇਆ ਹੈ। ਜੇ ਇਕਨਾਂ ਨੇ ਉਨ੍ਹਾਂ ਨੂੰ ਮਰਦ-ਅਗੰਮੜਾ, ਪੂਰਨ ਪੁਰਖ ਅਤੇ "ਆਪੇ ਗੁਰ-ਚੇਲਾ" ਕਰੇ ਦਰਸਾਇਆ ਤੇ ਵਡਿਆਇਆ, ਤਾਂ ਦੂਜਿਆਂ ਨੇ ਸਰਬੰਸ-ਦਾਨੀ, ਅਦੁੱਤੀ ਜੋਧਾ, ਧਰਮ ਰੱਖਿਅਕ, ਉਪਕਾਰੀ ਤੇ ਸਮਦ੍ਰਿਸ਼ਟਾ, ਆਖ ਕੇ ਗੁਣ ਗਾਏ ਹਨ। ਜੇ ਇਕ ਸ਼ਰੇਣੀ ਨੇ ਹਜ਼ੂਰ ਨੂੰ ਪਾਖੰਡ-ਪ੍ਰਹਾਰਕ, ਕ੍ਰਾਂਤੀਕਾਰੀ, ਕਰਮ-ਯੋਗੀ ਤੇ ਪੰਥ-ਉਸਰੱਯਾ ਕਰਕੇ ਪੂਜਿਆ ਹੈ, ਤਾਂ ਦੂਜੀ ਨੇ ਮਹਾਨ ਕਵੀ, ਨਿਰਵੈਰ, ਨਿਰਭਉ ਤੇ ਇਕ ਅਕਾਲ ਦਾ ਪੁਜਾਰੀ ਕਰਕੇ ਨਮਸਕਾਰਿਆ ਹੈ। ਪ੍ਰੰਤੂ, ਉਪਰੋਕਤ, ਕੁਝ ਕੁ ਗੁਣ, ਇਕ ਥਾਂ ਵਾਚ ਵਿਚਾਰਕੇ ਵੀ, ਸੱਚੇ ਪਾਤਸ਼ਾਹ ਦਾ ਆਸ਼ਕ-ਸਾਦਕ, ਉਤਨਾ ਚਿਰ ਸੰਤੁਸ਼ਟ ਨਹੀਂ ਹੁੰਦਾ, ਜਿੰਨਾ ਚਿਰ ਉਹ ਆਪ ਜੀ ਦੇ ਹਜ਼ੂਰੀ ਕਵੀ ਤੇ ਅਨਿੰਨ ਸਿੱਖ, ਭਾਈ ਨੰਦ ਲਾਲ ਜੀ, "ਗੋਇਆ", ਵਲੋਂ ਆਪ ਜੀ ਦੀ ਕੀਤੀ ਸਿਫ਼ਤ-ਸਲਾਹ ਤੇ ਪ੍ਰੀਤ-ਰੀਤ, ਇਸ ਸੂਚੀ ਵਿਚ ਸ਼ਾਮਲ ਨਾ ਕਰ ਲਵੇ।

ਵੈਸੇ ਤਾਂ ਭਾਈ ਸਾਹਿਬ ਵਲੋਂ "ਸਾਹਿਬਾਂ ਦੀ ਕੀਤੀ ਸਿਫ਼ਤ-ਸਾਲਾਹ (ਤੌਸੀਫ਼-ਸਨਾਅ) ਦਾ ਗਿਆਨ ਤੇ ਬਿਓਰਾ ਬਹੁਤਾ ਲੰਮਾ ਚੌੜਾ ਹੈ; ਪ੍ਰੰਤੂ ਜੇ ਅਸੀਂ ਏਥੇ, ਵਿਸਥਾਰ ਦੇ ਡਰ ਤੋਂ, "ਸਲਤਨਤਿ ਦ-ਹਮ (ਗੰਜ ਨਾਮਾ) ਅਤੇ "ਗੋਯਾ" ਜੀ ਦੇ "ਦੀਵਾਨ", ਗਜ਼ਲਾ ਦੇ ਸੰਗ੍ਰਹਿ, ਦੇ ਕੁਝ ਸ਼ੇਅਰਾਂ ਤੱਕ ਹੀ ਸੀਮਤ ਰਹਿ ਕੇ, ਆਪਣੇ ਮਜ਼ਮੂਨ ਨੂੰ ਨਿਭਾ ਸਕੀਏ, ਤਾਂ ਇਹ ਵੀ ਕਲਗੀਆਂ ਵਾਲੇ ਪਾਤਸ਼ਾਹ ਦੀ ਵੱਡੀ ਬਖਸ਼ਸ਼ ਤੇ ਮਿਹਰੰਮਤ ਹੋਵੇਗੀ।

## ਸਲਤਨਤਿ ਦ-ਹਮ (ਗੰਜਨਾਮਾ 'ਚੋਂ)

"ਗੰਜਨਾਮੇ" ਦੇ ਇਸ ਦਸਵੇਂ ਅਧਿਆਇ ਵਿਚ ਕੁੱਝ ਨਸਰ ਤੇ 56 ਸ਼ੇਅਰ ਹਨ। 'ਸਾਰੇ ਸ਼ੇਅਰ ਹੀ ਸਤਿਗੁਰੂ ਜੀ ਦੀ ਸਿਫ਼ਤ ਵਿਚ ਹਨ, ਅਤੇ ਹਰੇਕ ਇਕ ਤੋਂ ਇਕ ਚੜ੍ਹਦਾ'। ਨਮੂਨੇ ਵਜੋਂ, ਕੁਝ ਤਰਜਮੇ ਸਹਿਤ, ਪੇਸ਼ਿ ਖ਼ਿਦਮਤ ਹਨ :-

1. ਨਾਸਰੋ ਮਨਸੂਰ, ਗੁਰੂ ਗੋਬਿੰਦ ਸਿੰਘ, ਏਜ਼ਦੀ ਮਨਜ਼ੂਰ, ਗੁਰੂ ਗੋਬਿੰਦ ਸਿੰਘ।

ਗੁਰੂ ਗੋਬਿੰਦ ਸਿੰਘ ਉਹ (ਹਸਤੀ) ਹਨ ਜੋਂ ਹੋਰਨਾਂ ਦਾ ਮਦਦਗਾਰ (ਨਾਸਰ) ਹੈ, ਅਤੇ ਜਿਸ ਨੂੰ ਅਕਾਲ ਪੁਰਖ ਦੀ ਮਦਦ ਤੇ ਮਿੱਤ੍ਰਤਾ ਪ੍ਰਾਪਤ ਹੈ, ਭਾਵ ਮਨਸੂਰ ਹੈ।

੨. ਹੱਕ ਰਾ ਗੰਜ਼ੂਰ, ਗੁਰੂ ਗੋਬਿੰਦ ਸਿੰਘ। ਜ਼ੁਮਲਾ ਫ਼ੈਜ਼ੇ ਨੂਰ, ਗੁਰੂ ਗੋਬਿੰਦ ਸਿੰਘ।

ਗੁਰੂ ਜੀ ਵਾਹਿਗੁਰੂ ਦੇ ਖਜ਼ਾਨਚੀ (ਗੰਜ਼ੂਰ) ਹਨ ਅਤੇ ਸਾਰੀਆਂ ਬਖਸ਼ਸ਼ਾਂ ਤੇ ਪ੍ਰਕਾਸ਼ (ਗਿਆਨ-ਭੰਡਾਰ) ਦੇ ਮਾਲਕ ਹਨ।

3. ਹੱਕ-ਹੱਕ ਆਗਾਹ, ਗੁਰੂ ਗੋਬਿੰਦ ਸਿੰਘ। ਸ਼ਾਹਿ ਸ਼ਹਿਨਸ਼ਾਹ, ਗੁਰੂ ਗੋਬਿੰਦ ਸਿੰਘ।

ਗੁਰੂ ਜੀ ਨੂੰ ਵਾਹਿਗੁਰੂ ਜੀ ਦਾ ਗਿਆਨ ਹੈ। ਅਤੇ ਉਹ ਪਾਤਸ਼ਾਹਾਂ ਦੇ ਵੀ ਪਾਤਸ਼ਾਹ ਹਨ।

ਹੁਣ ਵਾਚੋ ਵੰਨਗੀ ਮਾਤ੍ਰ, ਕੁਝ ਸ਼ੇਅਰ ਭਾਈ ਸਾਹਿਬ ਦੀਆਂ ਗਜ਼ਲਾਂ 'ਚੋਂ :

1. ਹਵਾਏ ਬੰਦਗੀ ਆਵੁਰਦ ਦਰ ਵਜੂਦ ਮਰਾ ।
ਵਗਰਨਾ, ਜੌਕਿ ਚੁਨੀਂ ਆਮਦਨ, ਨ ਬੂਦ-ਮਰਾ । (ਗਜ਼ਲ 1)

(ਅਰਥ- ਭਾਈ ਸਾਹਿਬ ਦੇ ਦੀਵਾਨ ਦੀ ਪਹਿਲੀ ਗਜ਼ਲ ਦਾ ਇਹ ਪਹਿਲਾ ਸ਼ੇਅਰ ਹੀ ਗੁਰੂ ਤੇ ਸਿੱਖ ਦੀ ਭਗਤੀ ਦੇ ਨਾਜ਼ਕ ਰਿਸ਼ਤੇ ਦੀ ਸਿਖਰ ਹੈ। "ਗੋਇਆ" ਜੀ ਮਨੁੱਖਾ ਜੀਵਨ ਧਾਰਨ ਦਾ ਪ੍ਰਯੋਜਨ ਕੇਵਲ ਤੇ ਕੇਵਲ ਗੁਰੂ ਜੀ ਦੀ ਭਗਤੀ ਤੇ ਸਿਮਰਨ ਦੀ ਤਾਂਘ ਦਸਦੇ ਹਨ। (ਇਸ ਤੋਂ ਬਿਨਾਂ ਜੀਉਣਾ ਬੇਅਰਥ ਹੈ)।



www.AKJ.Org

੨ ਦੀਨੋ ਦੁਨੀਆ ਦਰ ਕਮੰਦੇ ਆਂ ਪਰੀ ਰੁਖ਼ਸਾਰਿ ਮਾ ।
ਹਰ ਦੋ ਆਲਮ ਕੀਮਤੇ ਯਕ ਤਾਰਿ ਮੂਏ ਯਾਰਿ ਮਾ । (ਗਜ਼ਲ ੨)

(ਅਰਥ- ਦੀਨ ਤੇ ਦੁਨੀਆਂ ਉਸ ਪਰੀ ਵਰਗੇ, ਭਾਵ ਸੁੰਦਰ ਸੂਰਤ ਵਾਲੇ ਸਤਿਗੁਰੂ ਦੀ ਫਾਹੀ ਵਿਚ ਬੱਝੇ ਪਏ ਹਨ। ਦੋਵੇਂ ਜਹਾਨ ਸਾਡੇ ਮਿੱਤਰ (ਸਤਿਗੁਰੂ) ਦੇ ਕੇਸਾਂ ਦੇ ਇਕ ਵਾਲ ਦਾ ਮੁੱਲ ਹਨ)।

3. ਜ਼ਿ ਫੈਜ਼ਿ ਮੁਰਸ਼ਦਿ ਕਾਮਿਲ, ਮਰਾ ਮਾਲੂਮ ਸ਼ੁਦ ਆਖਰ।
ਕਿ ਦਾਇਮ ਮਰਦਮਿ ਦੁਨੀਆਂ, ਬ-ਗਮ ਆਲੂਦਹ ਮੇਬਾਸ਼ਦ। (ਗਜ਼ ੨੬)

(ਅਰਥ : ਪੂਰਨ ਸਤਿਗੁਰੂ ਦੀ ਕਿਰਪਾ ਦੁਆਰਾ ਸਾਨੂੰ ਇਹ ਸਮਝ ਆ ਗਈ ਹੈ ਕਿ ਮਾਇਆ ਵਿਚ ਫਸਿਆ ਤੇ ਗ੍ਰਸਿਆ ਆਦਮੀ ਸਦਾ ਦੁਖੀ ਰਹਿੰਦਾ ਹੈ)।

ਕੀ ਭਾਈ ਨੰਦ ਲਾਲ ਜੀ "ਗੋਇਆ" ਤੇ ਕੀ ਸ੍ਰੀ ਦਸਮੇਸ਼ ਜੀ ਦੇ ਹੋਰ ਦਰਬਾਰੀ ਕਵੀ, ਸਭ ਨੇ ਹਜ਼ੂਰ ਨੂੰ ਜਿਵੇਂ, ਨਿਕਟ-ਵਰਤੀ ਹੋ, ਤੱਕਿਆ, ਸਾਹਿਬਾ ਦੇ ਕਮਾਲ ਤੋਂ ਵਾਰਨੇ ਹੋਏ। ਜਿਨੀ ਜਿਸ ਦੀ ਉਡਾਰੀ ਸੀ, ਗੰਮਤਾ ਸੀ, ਉਥੋਂ ਉਥੋਂ ਤੱਕ ਓਹਨਾਂ ਨੇ ਸਰਬ-ਗੁਣ-ਨਿਪੁੰਨ ਸਤਿਗੁਰੂ ਦਾ ਚਿੱਤ੍ਰ ਖਿੱਚਣ ਦਾ ਨਿਮਾਣਾ ਜਿਹਾ ਜਤਨ ਕੀਤਾ ਹੈ। ਹਕੀਮ ਅਲਾਹ ਯਾਰ ਖਾਂ ਜੋਗੀ ਨੇ "ਗੰਜਿ ਸ਼ਹੀਦਾਂ" ਵਿਚ ਇਕ ਥਾ, ਆਪਣੀ ਦੇ ਇਨ੍ਹਾਂ ਲੋਕਾਂ ਦੀ ਮਜ਼ਬੂਰੀ ਨੂੰ, ਹੱਕੀ ਤੋਰ ਉਤੇ, ਕੁਝ ਏਉਂ ਬਿਆਨਣ ਦਾ ਤਰਲਾ ਮਾਰਿਆ ਹੈ:

ਕਰਤਾਰ ਕੀ ਸੌਗੰਦ ਹੈ, ਨਾਨਕ ਕੀ ਕਸਮ ਹੈ।
ਜਿਤਨੀ ਭੀ ਹੋ ਗੋਬਿੰਦ ਕੀ ਤਾਰੀਫ਼, ਵਹੁ ਕੱਮ ਹੈ।
ਹਰ ਚੰਦ ਮਿਰੇ ਹਾਥ ਮੇਂ, ਪੁਰ ਜ਼ਰ ਕਲਮ ਹੈ।
ਸਤਿਗੁਰ ਕੇ ਲਿਖੂੰ ਵਸਫ਼ ਕਹਾਂ? ਤਾਬਿ ਰਕਮ ਹੈ
ਇਕ ਆਂਖ ਸੇ ਕਿਆ ਬੁਲਾਬੁਲਾ, ਕੁਲਤ ਬਹਿਰ ਕੋ ਦੇਖੇ ?
ਸਾਹਿਲ ਕੋ,, ਮੰਝਧਾਰ ਕੋ, ਯਾ ਲਹਿਰ ਕੋ ਦੇਖੇ ?

'ਜੋਗੀ ਜੀ ਦੀ ਹਕੀਕਤ-ਸ਼ਨਾਸ ਅੱਖ, ਬੁਲਬੁਲੇ ਵਾਂਗ, ਅੰਸ਼ ਹੋਣ ਦੇ ਕਾਰਨ ਭਾਵੇਂ ਗੁਰੂ-ਰੂਪੀ ਸਾਗਰ ਨੂੰ ਨਾ ਵੇਖ ਸਕੀ, ਪਰ ਫਿਰ ਵੀ ਉਹਨੇ ਸਤਿਗੁਰੂ ਜੀ ਬਾਰੇ, ਸ਼ਰਧਾ ਦੇ ਫੁੱਲਾਂ ਵਜੋਂ, "ਗੰਜਿ ਸ਼ਹੀਦਾਂ" ਅਤੇ 'ਸ਼ਹੀਦਾਨਿ ਵਫ਼ਾ" ਵਿੱਚ, ਕਿਣਕਾ ਮਾਤ੍ਰ, ਕਹਿਣ ਦਾ ਜਤਨ ਅਵੱਸ਼ ਕੀਤਾ ਹੈ। ਇਹੀ ਮਜਬੂਰੀ ਹੋਰ ਸਮੂੰਹ ਲੇਖਕਾਂ ਦੀ ਕਹੀ ਜਾ ਸਕਦੀ ਅਤੇ ਇਹੀ ਹੈ, ਇਹ ਕੁਝ ਸ਼ਬਦ ਲਿਖਣ ਵੇਲੇ, "ਸਾਹਿਬਾਂ" ਦੇ ਇਸ "ਖ਼ਾਦਮ" ਦੀ।

ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਸਮੂਹ ਗੁਰੂ ਸਾਹਿਬਾਨ ਦਾ ਪੈਗਾਮ ਸਰਬ-ਦੇਸੀ ਤੇ ਸਰਬ-ਕਾਲੀ ਸੀ। ਓਹਨਾਂ ਦੇ ਮਾਨਵ-ਧਰਮ ਦੇ ਕਲੇਵਰ ਵਿਚ ਭੂਤ, ਭਵਿੱਖ ਤੇ ਭਵਾਨ, ਤਿੰਨਾਂ ਕਾਲਾਂ ਵਿਚ ਉਪਜੀ ਤੇ ਉਪਜਨ ਵਾਲੀ ਮਖ਼ਲੂਕ ਆ ਜਾਂਦੀ ਹੈ। ਸ੍ਰੀ ਦਸਮੇਸ਼ ਜੀ ਦਾ ਜਨਮ-ਅਸਥਾਨ ਸ੍ਰੀ ਪਟਨਾ ਸਾਹਿਬ ਅਤੇ ਜੋਤੀ ਜੋਤਿ ਸਮਾਉਣ ਦਾ ਮੁਕਾਮ ਸ੍ਰੀ ਅਬਿਚਲ ਨਗਰ (ਨੰਦੇੜ) ਹੋਣਾ, ਕੇਵਲ ਇਕ ਇਤਫ਼ਾਕ ਦੀ ਗਲ ਹੀ ਨਹੀਂ; ਸਗੋਂ, ਆਲਮਗੀਰੀ ਉਪਰੋਕਤ ਮਿਸ਼ਨ ਦੀ ਹੀ ਇਕ ਅਹਿਮ ਕੜੀ ਹੈ। ਪੰਜਾਂ ਪਿਆਰਿਆਂ ਵਿਚੋਂ ਇੱਕ ਦਾ ਪੰਜਾਬ ਅਤੇ ਦੂਜਿਆਂ ਦਾ ਦੇਸ਼ ਦੇ ਵੱਖ ਵੱਖ ਪ੍ਰਾਂਤਾਂ ਤੇ ਸ਼ਹਿਰਾਂ ਦੇ ਵਾਸੀ ਤੇ ਭਿੰਨ ਭਿੰਨ ਜਾਤੀਆਂ ਦਾ ਹੋਣਾ ਵੀ, ਜ਼ਾਤ, ਕੁਲ੍ਹ ਨਸਲ ਤੇ ਦੇਸ ਦੀ ਸੀਮਾਂ ਦੇ ਬੰਧਨਾਂ ਤੇ ਸੌੜੀ ਦ੍ਰਿਸ਼ਟੀ ਦੀ ਕੈਦ ਤੋਂ ਇਕ ਦਲੇਰਾ ਬਗ਼ਾਵਤ ਸੀ, ਜਿਸ ਵਿਚ ਦਸਵੇਂ ਨਾਨਕ, ਸ੍ਰੀ ਦਸਮੇਸ਼ ਜੀ, ਨੇ ਭਰਪੂਰ ਹਿੱਸਾ ਪਾਇਆ। ਉਸ ਸਮੇਂ ਵਾਪਰ ਰਹੇ ਮਜ਼ਹਬੀ ਤੁਅੱਸਬ, ਆਰਥਕ ਲੁੱਟ-ਖਸੁੱਟ, ਰਾਜਨੀਤਕ ਜਬਰ ਤੇ ਸਮਾਜਕ ਵਿਤਕਰਿਆ ਵਿਰੁੱਧ, ਨਿਰੰਕਾਰੀ ਸਤਿਗੁਰੂ ਵਲੋਂ ਜਾਰੀ ਕੀਤੇ ਗਏ ਅੰਦੋਲਨ ਦੀ ਰੂਪ ਰੇਖਾ ਵਿਚ ਗਿਣੀ ਮਿੱਥੀ ਵਿਉਂਤ ਅਨੁਸਾਰ ਸੰਪੂਰਨ ਨਿਖਾਰ ਲਿਆਉਣਾ ਆਪ ਜੀ ਦੇ ਹੀ ਹਿੱਸੇ ਆਇਆ ਸੀ।

ਗੋਬਿੰਦ ਰਾਏ ਜੀ ਅਜੇ ਨੌਂ ਬਰਸ ਦੇ ਹੀ ਸਨ ਕਿ ਆਪ ਜੀ ਦੇ ਪੂਜ ਪਿਤਾ ਨੇ ਆਪਣੀ ਸ਼ਹਾਦਤ ਦੁਆਰਾ "ਕਲਜੁਗ ਵਿਚ ਵੱਡਾ ਸਾਕਾ" ਵਰਤਾਇਆ ਅਤੇ ਸਰੀਰ ਦਾ ਠੀਕਰਾ ਦਿੱਲੀ-ਪਤਿ, ਔਰੰਗਜ਼ੇਬ, ਸਿਰ


www.AKJ.Org

ਭੰਨ ਕੇ ਸਿਧ ਕੀਤਾ ਕਿ ਬ੍ਰਹਮ ਗਿਆਨੀ ਤੇ ਮਰਜੀਵੜੇ ਪ੍ਰਭੂ-ਲੋਕਾਂ ਲਈ ਦੁਖ ਸੁਖ ਸਮਾਨ ਹਨ, ਜ਼ਿੰਦਗੀ ਤੇ ਮੌਤ ਇਕ ਖੇਡ ਹੈ ਅਤੇ ਰੱਬੀ ਰਜ਼ਾ ਵਿਚ ਪ੍ਰਵਾਨ ਹੋ ਕੇ ਮਰਨਾ ਸੂਰਮਿਆਂ ਦਾ ਹੱਕ ਹੈ। ਹੁਣ, ਇਕ ਪਾਸੇ ਔਰੰਗਜ਼ੇਬ ਆਲਮਗੀਰ (ਸਾਰੇ ਸੰਸਾਰ ਨੂੰ ਪਕੜਨ ਭਾਵ ਜ਼ੇਰ ਕਰ ਲੈਣ ਦੀ ਸਮਰਥਾ ਰੱਖਣ ਵਾਲਾ) ਮੁਤਅੱਸਬ ਤੇ ਨਿਰਦਈ ਪਾਤਸ਼ਾਹ; ਈਰਖਾਲੂ, ਸੁਆਰਥੀ ਤੇ ਕਾਇਰ ਪਹਾੜੀ ਰਾਜੇ; ਸ਼ਰਈ ਮੌਲਾਣੇ ਤੇ ਜ਼ਾਤ ਅਭਿਮਾਨੀ ਬ੍ਰਾਹਮਣ ਸਨ, ਅਤੇ ਦੂਜੇ ਪਾਸੇ ਇਹ ਆਕਾਸ਼ ਜਿੱਡੇ ਉਚੇ ਇਰਾਦਿਆਂ ਤੇ ਪਰਬਤਾਂ ਜੇਹੀ ਅਹਿਲ ਦ੍ਰਿੜ੍ਹਤਾ ਵਾਲਾ ਅਲੌਕਿਕ "ਬਾਲਕ"। ਦੁਨੀਆਂ ਸਦਾ ਕਰਾਮਾਤਾਂ ਤੇ ਮੁਅਜਜ਼ੇ ਵੇਖਣ ਦੀ ਸ਼ੈਦਾਈ ਰਹੀ ਹੈ। ਐਸੇ ਨਿਰਦਈ ਬਾਦਸ਼ਾਹ– ਜੋ ਪਿਤਾ ਨੂੰ ਕੈਦ ਵਿਚ ਤਿਹਾਇਆ ਮਾਰ ਅਤੇ 'ਰਾਜ-ਸੱਤਾ' ਲਈ ਭਰਾਵਾਂ ਦੇ ਖੂਨ ਵਿਚ ਹੱਥ ਰੰਗ ਸਕਦਾ ਹੋਵੇ, ਵਿਰੁਧ ਮੁਕਾਬਲਤਨ ਕਿਤੇ ਘੱਟ ਸਰੋ-ਸਾਮਾਨੀ ਨਾਲ ਖੜੇ ਹੋਣਾ ਅਤੇ ਉਸ ਨਾਲ ਸਫ਼ਲ ਟੱਕਰ ਲੈਣੀ, ਸੰਸਾਰ ਦੀ ਸਭ ਤੋਂ ਵੱਡੀ ਕਰਾਮਾਤ ਤੇ ਕ੍ਰਿਸ਼ਮਾ ਹੈ। ਲੁਤਫ਼ ਇਹ ਹੈ ਕਿ ਸਾਧਨਾਂ ਤੇ ਫੌਜਾਂ ਦੀ ਸ਼ਕਤੀ ਦੇ ਇਸ ਅਜੋੜ ਮੁਕਾਬਲੇ ਵਿਚ, ਆਪ ਜੀ ਨੇ ਪਿਆਰਾ ਅਨੰਦਪੁਰ ਤਾਂ ਛੱਡਿਆ, ਸਾਹਿਬਜ਼ਾਦੇ ਸ਼ਹੀਦ ਕਰਾਏ, ਮਾਤਾ ਜੀ ਕੁਰਬਾਨ ਕੀਤੇ ਅਤੇ ਪ੍ਰਾਣਾਂ ਤੋਂ ਪਿਆਰੇ ਅਨੇਕ ਸਿੰਘਾਂ ਦੀ ਅਹੂਤੀ ਦਿੱਤੀ, ਪ੍ਰੰਤੂ ਉਨਮਨ ਅਵਸਥਾ, ਦ੍ਰਿੜ੍ਹਤਾ ਤੇ ਚੜ੍ਹਦੀ ਕਲਾ ਦਾ ਇਹ ਆਲਮ ਰਿਹਾ ਕਿ ਇਹ ਸਭ ਕੁਝ ਵਾਪਰਨ ਉਪ੍ਰੰਤ ਵੀ, ਨਿੰਮੋਝੂਣੇ, ਉਦਾਸ ਜਾਂ ਬੇ-ਹਿੰਸ ਹੋ, ਢੇਰੀ ਢਾਹ ਬੈਠਣ ਦੀ ਥਾਂ, ਬਾਦਸ਼ਾਹ ਨੂੰ ਜ਼ਫਰਨਾਮਾ (ਫਤਹਿ ਦੀ ਚਿੱਠੀ) ਲਿਖਦੇ ਹਨ। ਇਕ, ਏਸ ਇਕੱਲੇ ਲਾਸਾਨੀ ਪੱਤਰ ਦੀ ਪਰਖ-ਪੜਚੋਲ ਤੇ ਝਲਕ ਹੀ, ਸੱਚੇ ਪਾਤਸ਼ਾਹ ਦੀ ਦੁਰਲਭ ਦ੍ਰਿੜ੍ਹਤਾ, ਅਜੋੜ ਅਜ਼ਮਤ, ਅਦੁੱਤੀ ਸ਼ਖਸੀਅਤ ਤੇ ਪੂਰਨ ਕਰਮ-ਯੋਗਤਾ ਨੂੰ ਕੋਟਾਨ ਕੋਟ ਸੂਰਜਾਂ ਤੋਂ ਵੱਧ ਪ੍ਰਕਾਸ਼ਦੀ ਹੈ। ਵੰਨਗੀ ਵਜੋਂ ਕੁਝ ਸ਼ੇਅਰ ਹਾਜ਼ਰ ਹਨ:

ਚਿੱਠੀ ਦੇ ਆਦਿ ਵਿਚ ਹੀ, ਅਕਾਲ ਪੁਰਖ ਦੇ ਮੰਗਲ ਵਜੋਂ, ਲਿਖੇ ਸ਼ੇਅਰ ਵਿੱਚ ਅਨੁਪਰਾਸ ਅਲੰਕਾਰ ਤੇ ਪ੍ਰਭੂ-ਵਿਸ਼ਵਾਸ ਦਾ ਬੇਹਤਰੀਨ ਨਮੂਨਾ ਹੈ :

ਕਮਾਲਿ ਕਰਾਮਾਤ, ਕਾਇਮ, ਕਰੀਮ। ਰਜਾ ਬਖਸ਼ੋ, ਰਾਜ਼ਿਕ, ਰਹਾਕੁਨ, ਰਹੀਮ।

(ਹੇ ਵਾਹਿਗੁਰੂ ! ਤੂੰ ਅਲੌਕਿਕ ਸ਼ਕਤੀਆ ਦਾ ਸਿਖਰ, ਸਦਾ ਰਹਿਣ ਵਾਲਾ ਤੇ ਕ੍ਰਿਪਾਲੂ ਹੈਂ। ਤੂੰ ਆਪਣੇ ਭਾਣੇ ਵਿਚ ਰੱਖ ਕੇ ਖੁਸ਼ੀਆ ਬਖਸ਼ਣ ਵਾਲਾ; ਰਿਜ਼ਕ ਦਾਤਾ, ਮੁਕਤੀਦਾਤਾ ਅਤੇ ਰਹਿਮ ਕਰਨ ਵਾਲਾ ਹੈਂ)।

ਜਦ ਜਲਾਲ ਵਿਚ ਆ ਕੇ ਪ੍ਰਭੂ-ਵਿਸ਼ਵਾਸ, ਹੱਕ-ਗੋਈ, ਦ੍ਰਿੜ੍ਹਤਾ ਤੇ ਚੜ੍ਹਦੀ ਕਲਾ ਦਾ ਵਰਨਣ ਕਰਦੇ ਹਨ ਤਾਂ ਵੇਖ : ਕਿਵੇਂ ਅਰਸ਼ੀ ਉਚਾਈਆਂ ਨੂੰ ਛੋਂਹਦੇ ਤੇ ਮਾਲ ਦੌਲਤ ਤੇ ਮਾਇਕੀ ਪ੍ਰਭਤਾ ਨੂੰ ਹੇਚ ਸਮਝਦੇ ਹਨ :-

ਹੁਮਾ ਰਾ ਕਸੇ ਸਾਇਆ ਆਂਇਦ ਬਜ਼ੇਰ। ਬਰੋ ਦਸਤ ਦਾਰਦ, ਨ ਜ਼ਾਗਿ ਦਲੇਰ।

(ਜੇ ਕੋਈ, ਹੁਮਾ ਪੰਛੀ ਦੇ ਪਰਛਾਵੇਂ ਹੇਠ, ਆ ਜਾਵੇ ਤਾਂ ਫੇਰ ਉਸ ਨੂੰ ਕਾਂ (ਵਰਗਾ ਸ਼ੋਹਦਾ) ਹੱਥ ਨਹੀਂ ਪਾ ਸਕਦਾ। ਭਾਵ, ਜਿਸ ਦੇ ਸਿਰ ਉਤੇ ਪਰਮੇਸ਼ਰ ਦਾ ਹੱਥ ਹੋਵੇ, ਚਾਲਾਕ ਤੇ ਛਲੀਏ ਲੋਕ ਉਸਦਾ ਕੁਛ ਨਹੀਂ ਵਿਗਾੜ ਸਕਦੇ।

ਕਸੇ ਪੁਸ਼ਤ ਉਫ਼ਤਦ, ਪਸਿ ਸ਼ੇਰਿ ਨਰ। ਨਗੀਰਦ, ਬੁਜ਼ੋ, ਮੇਸ਼ੋ, ਆਹੂ ਗੁਜ਼ਰ।

(ਜੇ ਕੋਈ ਨਰ ਸ਼ੇਰ (ਵਾਹਿਗੁਰੂ) ਦੀ ਸ਼ਰਨ ਲੈ ਲੈਂਦਾ ਹੈ, ਤਾਂ ਬੱਕਰੀ, ਭੇਡ ਤੇ ਹਿਰਨ (ਕਾਇਰ ਤੇ ਕਮੀਨੇ ਲੋਕ) ਉਸਦੇ ਲਾਗੇ ਨਹੀਂ ਫਟਕਦੇ)।

ਤੁਰਾ ਗਰ ਨਜ਼ਰ ਹਸਤ, ਲਸ਼ਕਰ ਵ ਜ਼ਰ। ਕਿ ਮਾਰਾ ਨਿਗਾਹ ਅਸਤ, ਯਜ਼ਦਾਂ ਸ਼ੁਕਰ।

(ਐ ਔਰੰਗਜ਼ੇਬ ! ਜੇ ਤੇਰੀ ਨਜ਼ਰ ਆਪਣੀਆ ਫੌਜ਼ਾਂ ਤੇ ਖਜ਼ਾਨਿਆਂ ਉਤੇ ਹੈ, ਤਾਂ ਸਾਡੀ ਨਿਗਾਹ ਉਸ ਅਕਾਲ ਪੁਰਖ ਦੇ ਸ਼ੁਕਰਾਨੇ ਵਲ ਹੈ।)

ਕਿ ਊਰਾ ਗ਼ਰੂਰ ਅਸਤ ਬਰ ਮੁਲਕੋ ਮਾਲ। ਵ ਮਾਰਾ ਪਨਾਹ ਅਸਤ ਯਜ਼ਦਾਂ ਅਕਾਲ।

(ਜੇ ਉਹਨੂੰ (ਔਰੰਗਜ਼ੇਬ ਨੂੰ) ਆਪਣੇ ਰਾਜ ਭਾਗ ਤੇ ਮਾਲ ਦੌਲਤ ਦਾ ਮਾਣ ਹੈ, ਤਾਂ ਸਾਨੂੰ ਸਾਡੇ ਅਕਾਲ ਪੁਰਖ ਦੀਆਂ ਰੱਖਾਂ ਦਾ।



www.AKJ.Org

ਇਕੱਲਾ, ਨ ਮੁਆਫਿਕ ਹਾਲਾਤ ਵਿਚ ਲੜਿਆ, ਚਮਕੌਰ ਦਾ ਜੁੱਧ ਹੀ। ਆਪ ਜੀ ਦੀ ਸੈਨਕ ਪ੍ਰਤਿਭਾ, ਦ੍ਰਿੜ੍ਹਤਾ ਤੇ ਚੜ੍ਹਦੀ ਕਲਾ ਦਰਸਾਉਣ ਲਈ ਕਾਫ਼ੀ ਹੈ। ਜ਼ਫ਼ਰਨਾਮੇ ਵਿਚ ਇਸ ਅਸਾਵੀ ਟੱਕਰ ਦਾ ਬਿਆਨ ਕਰਦੇ ਹੋਏ, ਆਪ ਜੀ ਲਿਖਦੇ ਹਨ :

(ਅਰਥ : ਚਾਲੀ ਭੁੱਖੇ ਆਦਮੀ ਕੀ ਕਰ ਸਕਦੇ ਹਨ ਜਦ ਕਿ ਉਹਨਾਂ ਉਤੇ ਅਚਨਚੇਤ ਦਸ ਲੱਖ ਫੌਜ ਟੁੱਟ ਪਵੇ।)

ਚੂ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ। ਹਲਾਲ ਅਸਤ ਬੁਰਦਨ ਬਸਮਸ਼ੀਰ ਦਸਤ।

(ਜਦੋਂ ਕੋਈ ਕੰਮ ਸਾਰੇ ਹੀਲਿਆਂ, ਉਪਾਵਾਂ ਤੋਂ ਲੰਘ ਜਾਵੇ ਤਾਂ ਹੱਥ ਵਿੱਚ ਤਲਵਾਰ ਫੜਨਾ ਹਲਾਲ ਹੈ, ਜਾਇਜ਼ ਹੈ।) ਇਹ ਨੋਟ ਕਰਨ ਯੋਗ ਨੁਕਤਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਮਣੇ, ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਪਹਿਲੇ ਸਤਿਗੁਰੂਆਂ ਵੱਲੋਂ ਸਿਰਜੀ ਆ ਰਹੀ ਐਸੀ ਕੌਮ ਦੀ ਸੰਪੂਰਨਤਾ ਦਾ ਮਹਾਨ ਕੰਮ ਸੀ, ਜੋ ਸਦਾ ਸਦਾ ਲਈ ਪ੍ਰਭੂ-ਪਿਆਰ ਤੇ ਸਿਦਕ ਨਾਲ ਸਰਸ਼ਾਰ ਹੋਵੇ, ਜਿਨ੍ਹਾਂ ਦੇ ਮਨਾਂ ਵਿਚ ਸਦਾ ਕਰਤਾਰ ਦੀ ਯਾਦ ਤੇ ਨਿਰਮਲ ਭਉ, ਦਿਲਾਂ ਵਿਚ ਸੱਚ ਲਈ ਜੂਝਣ ਦੀ ਤਾਂਘ, ਰੱਬ ਦੇ ਬੰਦਿਆਂ ਲਈ ਹਮਦਰਦੀ ਅਤੇ ਹੱਥਾਂ ਵਿਚ ਦੁਸ਼ਟਾਂ ਦਾ ਨਾਸ ਕਰਨ ਤੇ ਸੰਤਾਂ ਨੂੰ ਸੁਖ ਦੇਣ ਵਾਲੀ ਤੇਗ਼ ਹੋਵੇ। ਉਹ ਅਣਖ ਨਾਲ ਮਰਦਾਂ ਦੀ ਮੌਤ ਮਰਨ, ਤੇ ਸਚਿਆਰ ਹੋ ਕੇ ਜੀਉਣਾ ਜਾਣਦੇ ਹੋਣ। ਉਨ੍ਹਾਂ ਨੂੰ ਕੇਵਲ ਅਕਾਲ ਦੀ ਓਟ ਤੇ ਗੁਰ-ਸ਼ਬਦ ਦਾ ਪਰਚਾ ਹੋਵੇ। ਗਲ ਕੀ, ਉਹ ਹਰ ਪੱਖੋਂ ਸੰਪੂਰਨ-ਪੁਰਖਾਂ ਅਥਵਾ ਸੰਤ-ਸਿਪਾਹੀਆਂ ਦਾ ਪੰਥ ਹੋਵੇ।

ਭਾਵੇਂ, ਆਪ ਜੀ ਦੇ ਪੜਦਾਦਾ ਗੁਰੂ, ਪੂਜ ਪਿਤਾ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਤੇ ਭਾਈ ਦਿਆਲਾ ਜੀ ਆਦਿ, ਗੁਰਸਿੱਖ, "ਮੁਣਸਾ ਸੂਰਿਆਂ" ਵਾਲੇ ਮਾਰਗ ਚੱਲ ਕੇ ਸ਼ਹਾਦਤ ਦਾ ਜਾਮ ਨੋਸ਼ ਫੁਰਮਾ ਚੁਕੇ ਸਨ; ਪ੍ਰੰਤੂ, ਜਨ-ਸੰਖਿਆ ਵਿਚ ਸਮੂਹਕ ਤੌਰ ਉੱਤੇ ਕੁਰਬਾਨੀ ਦੀ ਰੂਹ ਫੂਕਣੀ ਬਾਕੀ ਸੀ। ਸਰਬਤ ਗੁਰਸੰਗਤਿ ਨੂੰ ਅਜੇ ਪੂਰਨ-ਮਨੁੱਖ-ਖਾਲਸਾ ਦਾ ਰੂਪ, ਗੁਣ ਤੇ ਕਰਮ ਦੇਣ ਦਾਨਿਰੰਕਾਰੀ ਕੰਮ ਅਜੇ ਸਿਰੰਜਾਮ ਦੇਣਾ ਸੀ। ਇਸ ਦੀ ਤਿਆਰੀ ਤੇ ਪੂਰਤੀ ਲਈ ਆਪ ਜੀ ਨੂੰ ਹੋਰ ੨੪ ਸਾਲ ਲਾਉਣੇ ਪਏ : ਸੰਮਤ 1732 ਨੂੰ ਗੱਦੀ ਨਸ਼ੀਨ ਹੋਏ, ਤੇ 1756 ਨੂੰ ਖਾਲਸਾ ਸਾਜਿਆ।

ਆਖਰ, ਮਾਨਵ ਕਲਿਆਨ ਤੇ ਮਨੁੱਖ ਸਦੀਵੀ ਸਰਦਾਰੀ ਦੀ ਬਖਸ਼ਿਸ਼ ਦੀ ਉਹ ਸੁਭਾਗ ਘੜੀ ਆ ਗਈ। ਆਪ ਜੀ ਨੇ ਜਾਤ, ਕੁਲ, ਬਰਾਦਰੀ ਤੇ ਨਸਲ ਦੇ ਕੁਲ ਵਿਤਕਰੇ ਤੇ ਪੁਰਾਣੇ ਆਈਨ ਮਨਸੂਖ ਕਰ ਕੇ ਇਕੋ ਇੱਕ ਖੰਡਾ-ਕੁਲ ਸੰਤ-ਸਿਪਾਹੀਆ ਦੀ ਜਮਾਤ ਕਾਇਮ ਕਰਨ ਲਈ, ਸੰਮਤ 1756 ਦੀ ਪਾਵਨ ਵੈਸਾਖੀ ਦਾ ਦਿਨ ਚੁਣਿਆ, ਅਤੇ ਪੂਰੀ ਪਰਖ ਤੇ ਪ੍ਰੀਖਿਆ ਉਪ੍ਰੰਤ ਪਹਿਲਾਂ ਨਿੱਤਰੇ, ਉਹਨਾਂ ਪੰਜਾਂ, 'ਪੰਜ ਪਿਆਰੇ' ਹੋਣ ਦਾ ਮਾਣ ਬਖਸ਼ਿਆ, ਜੋ ਆਦਿ ਗੁਰੂ ਜੀ ਵਲੋਂ ਦਸੀ :-

"ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰ ਧਰਿ ਤਲੀ, ਗਲੀ ਮੇਰੀ ਆਉ॥"

ਦੀ ਮੁਹਰਾਨੀ ਮਨ, ਬਚਨ ਤੇ ਕਰਮ ਕਰ ਕੇ ਦ੍ਰਿੜ੍ਹ ਕਰ ਚੁਕੇ ਸਨ।

ਪੰਜਾਂ ਪਿਆਰਿਆਂ ਦੀ, ਤਲਵਾਰ ਦੀ ਧਾਰ ਉੱਤੇ, ਚੋਣ ਕਰਨ, ਅਤੇ ਉਹਨਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ਣ ਉਪ੍ਰੰਤ ਸ੍ਰੀ ਕਲਗੀਧਰ ਪਾਤਸ਼ਾਹ ਦਾ ਉਨ੍ਹਾਂ ਪਾਸੋਂ ਆਪਣੇ ਲਈ ਅੰਮ੍ਰਿਤ ਦੀ ਦਾਤ ਮੰਗਣਾ, ਤੇ 'ਆਪੇ ਗੁਰ ਚੇਲਾ' ਹੋਣਾ ਇਸ ਗੱਲ ਦਾ ਸਪੱਸ਼ਟ ਸੰਕੇਤ, ਅਕੱਟ ਸਬੂਤ ਤੇ ਨਿਰਣਾ ਸੀ ਕਿ ਅੱਗੇ ਲਈ ਗੁਰ-ਜੋਤੀ, ਗੱਦੀ ਤੇ ਪਦਵੀ ਖਾਲਸੇ ਵਿਚ ਹੀ ਵਰਤੇਗੀ। ਸ੍ਰੀ ਗੁਰੂ ਗ੍ਰੰਥ ਸਾਹਿਬ ਅਥਵਾ ਗੁਰ-ਸ਼ਬਦ ਦੀ ਤਾਬਿਆ ਪੰਥ ਖਾਲਸਾ, ਗੁਰੂ ਹੋਵੇਗਾ। ਵਿਅਕਤੀ-ਗਤ ਗੁਰੂ ਦਾ ਸਿਲਸਿਲਾ ਉਹਨਾਂ ਤੋਂ ਬਾਅਦ ਬੰਦ ਥੀਵੇਗਾ। ਖਾਲਸਾ ਹੀ ਉਹਨਾਂ ਦਾ ਖਾਸ ਰੂਪ ਹੋਵੇਗਾ। ਖਾਲਸੇ ਦੀ ਮਹਿਮਾਂ ਵਿਚ ਉਚਖਾਰੇ ਇਹ ਦੋ ਸਵੱਯੇ, ਇਹ ਪ੍ਰਗਟ ਕਰਨ ਲਈ ਕਾਫ਼ੀ ਹਨ, ਕਿ ਸਾਹਿਬਾਂ ਦੇ ਦਿਲ ਵਿਚ ਖਾਲਸੇ ਲਈ ਕੀ ਅਸਥਾਨ ਸੀ, ਕਿਤਨਾ ਪਿਆਰ ਤੇ ਸਤਿਕਾਰ ਸੀ, ਅਤੇ ਕਿਤਨੀ ਕ੍ਰਿਤਗੱਯਤਾ :-

(ੳ) ਜੁਧ ਜਿਤੇ ਇਨਹੀ ਕੇ ਪ੍ਰਸਾਦਿ, ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ।



www.AKJ.Org

ਅੱਘ ਅਉਘ ਟਰੇ ਇਨੰਹੀ ਕੇ ਪ੍ਰਸਾਦਿ. ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ।
ਇਨਹੀ ਕੇ ਪ੍ਰਸਾਦਿ ਸੁਬਿਦਿਆ ਲਈ. ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ।
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ। ਨਈਂ ਮੋ ਸੋ ਗਰੀਬ ਕਰੋਰ ਪਰੇ।

(ਅ) ਸੇਵ ਕਰੀ ਇਨਹੀ ਕੀ ਭਾਵਤ. ਅਉਰ ਕੀ ਸੇਵ ਸੁਹਾਤ ਨ ਜੀ ਕੋ।
ਦਾਨ ਦਯੋ ਇਨ ਹੀ ਕੋ ਭਲੋ. ਅਉਰ ਆਨ ਕੋ ਦਾਨ ਨ ਲਾਗਤ ਨੀਕੋ।
ਆਗੈ ਫਲੈ ਇਨਹੀ ਕੋ ਦਯੋ. ਜਗ ਮੈ ਜਸੁ. ਅਉਰ ਦਯੋ ਸਭ ਫੀਕੋ।
ਮੋ ਗ੍ਰਿਹ ਮੈ ਮਨ ਤੇ ਤਨ ਤੇ. ਸਿਰ ਲਉ ਧਨ ਹੈ ਸਭ ਹੀ ਇਨਹੀ ਕੋ।

ਫੇਰ. ਆਪ ਜੀ ਖਾਲਸੇ ਦੀ ਭਾਵ-ਪੂਰਤ ਪਰਿਭਾਸ਼ਾ ਕਰਦੇ ਹੋਏ ਲਿਖਦੇ ਹਨ।

ਜਾਗਤ ਜੋਤ ਜਪੈ ਨਿਸਬਾਸਰ. ਏਕ ਬਿਨਾ ਮਨ ਨੈਕ ਨ ਆਨੈ।
ਪੂਰਨ ਪ੍ਰੇਮ ਪ੍ਰਤੀਤ ਸਜੈ; ਬ੍ਰਤ. ਗੋਰ. ਮੜ੍ਹੀ. ਮੱਟ ਭੂਲ ਨ ਮਾਨੈ।
ਤੀਰਥ. ਦਾਨ. ਦਯਾ. ਤੱਪ. ਸੰਜਮ. ਏਕ ਬਿਨਾ. ਨਹਿ ਏਕ ਪਛਾਨੈ।
ਪੂਰਨ ਜੋਤ ਜਗੈ ਘਟ ਮੈਂ. ਤਬ ਖਾਲਸਾ. ਤਾਹਿ ਨਖਾਲਸ ਜਾਨੈ। (33 ਸਵੱਯੇ)

ਸ੍ਰੀ ਦਸਮੇਸ਼ ਜੀ ਦੀਆਂ ਹੋਰ ਅਨਿੱਕ ਬਖਸ਼ਿਸ਼ਾਂ ਵਿਚੋਂ ਸਭ ਤੋਂ ਅਹਿਮ ਅਦੁੱਤੀ ਤੇ ਅਮਰ ਦੇਣ. ਜੋ ਆਪ ਜੀ ਨੇ ਸੰਸਾਰ ਨੂੰ ਬਖਸ਼ਣ ਦਾ ਮਹਾਨ ਉਪਕਾਰ ਕੀਤਾ. ਉਹ ਹੈ ਸੰਪੂਰਨ-ਮਨੁੱਖ ਦੇ ਰੂਪ ਵਿਚ 'ਖਾਲਸਾ' ਦੀ ਸਿਰਜਨਾ। ਆਪ 'ਨੇ ਖਾਲਸੇ ਨੂੰ ਹਰ ਪੱਖੋਂ ਸੰਪੂਰਣ ਬਣਾਇਆ ਅਤੇ ਏਸੇ ਸਰੂਪ ਤੇ ਤਨ ਮਨ ਦੀ ਪਵਿਤ੍ਰਤਾ ਨੂੰ ਮਨੁੱਖ ਦੀ ਉੱਨਤੀ ਤੇ ਪੂਰਨਤਾ ਦੀ ਆਖ਼ਰੀ ਮੰਜ਼ਲ ਮਿਥਿਆ। ਭਰਮ ਤੇ ਭੇਖ ਮਨੁੱਖ ਦੀ ਗਿਰਾਵਟ ਤੇ ਮੁਢਲੇ ਕਾਰਨ ਮੰਨੇ ਗਏ ਹਨ ਅਤੇ ਸਿਦਕ ਤੇ ਸਾਦਗੀ ਇਸ ਦੀ ਉਚਤਾ ਦੇ ਸੋਮੇ। ਗੁਰੂ ਜੀ. ਭਰਮ ਤੇ ਭੇਖ ਦੇ ਔਗੁਣਾ ਤੋਂ ਬੱਚ ਕੇ ਲੰਘ ਜਾਣ ਵਾਲੇ ਖਾਲਸੇ ਨੂੰ ਆਪਣਾ ਸਤਿਗੁਰੂ ਆਖ ਕੇ ਇਉਂ ਸਤਿਕਾਰਦੇ ਹਨ–

ਖਾਲਸਾ ਖਾਸ ਕਹਾਵੈ ਸੋਈ। ਜਾ ਕੇ ਹਿਰਦੇ ਭਰਮ ਨ ਹੋਈ।
ਭਰਮ ਭੇਖ ਤੇ ਰਹੇ ਨਿਆਰਾ। ਸੋ ਖਾਲਸਾ ਸਤਿਗੁਰੂ ਹਮਾਰਾ। (ਸਰਬ ਲੋਹ)

ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਪਹਿਲੇ ਸਤਿਗੁਰੂ ਸਾਹਿਬਾਨ ਵਲੋਂ ਸੱਚੇ ਸੁੱਚੇ ਆਚਾਰ ਅਤੇ ਸੱਤ ਦੇ ਧਾਰਨੀ ਹੋਣ ਉਤੇ ਜੋ ਬੱਲ ਦਿਤਾ ਗਿਆ ਸੀ. ਕਲਗੀਆਂ ਵਾਲੇ ਪਾਤਸ਼ਾਹ ਨੇ ਇਸ ਨੂੰ ਹੋਰ ਪੱਕਿਆ ਕੀਤਾ। ਆਗਿਆ ਕੀਤੀ ਕਿ ਕਦੇ ਕੋਈ ਸਿੱਖ ਬਦਲਾ ਲੈਣ ਦੀ ਭਾਵਨਾ ਵਿਚ ਆ ਕੇ ਉਪਰੋਕਤ ਆਦਰਸ਼ ਤੋਂ ਨਾ ਡਿੱਗੇ। ਇਸ ਸੰਬਧ ਵਿਚ 'ਗੁਰ ਪੰਥ ਪ੍ਰਕਾਸ਼' ਦੀ ਅਸ਼ੱਦ ਲੋੜ ਹੈ–

ਗੁਰੂ ਕੇ ਖਾਲਸੇ ਨੇ ਇਸ ਪ੍ਰਤੱਗਿਆ ਨੂੰ ਕਿਵੇਂ ਪਾਲਿਆ ਤੇ ਨਿਭਾਇਆ। ਇਸ ਦੀ ਭਰਵੀਂ ਗਵਾਹੀ ਅਬਦਾਲੀ ਦੇ ਸਤਵੇਂ ਹਮਲੇ ਸਾਥੀ. ਨਸੀਰ ਖਾਂ ਬਲੋਚ ਨਾਲ ਆਏ. ਕਾਜ਼ੀ ਨੂਰ ਮੁਹੰਮਦ ਨੇ ਜੰਗਨਾਮੇ ਵਿਚ ਦਿੱਤੀ ਹੈ। ਸਿੰਘਾਂ ਦਾ ਕਟੱੜ ਵੈਰੀ ਹੁੰਦਾ ਹੋਇਆ ਤੇ ਨਫ਼ਰਤ ਨਾਲ ਉਹਨਾਂ ਨੂੰ ਸਿੰਘ ਦੀ ਥਾਂ 'ਸੱਗ' (ਕੁੱਤਾ) ਲਿਖਣ ਵਾਲਾ. ਇਹ ਬਲੋਚ ਇਤਿਹਾਸਕਾਰ. ਆਖਰ ਖਾਲਸੇ ਦੇ ਉੱਚੇ ਸੁੱਚੇ ਚਲਨ ਤੇ ਬੀਰਤਾ ਦੀ ਦਾਦ ਦੇਣੋਂ ਨਾ ਰਹਿ ਸਕਿਆ। ਸੁਨਹਿਰੀ ਅੱਖਰਾ ਨਾਲ ਲਿਖਣ-ਜੋਗ ਇਹ ਉਸ ਦੀ ਲਿਖਤ ਦਾ ਉਲੱਥਾ :-

ਉਲਥਾ :

1. ਕੁੱਤਿਆ ਨੂੰ ਕੁੱਤੇ ਨ ਆਖੋ. ਸੱਚ ਪੁੱਛੋ ਤਾਂ ਸ਼ੇਰ ਨੇ ਓਹ।
ਰਣ ਵਿਚ ਜਦ ਸ਼ਸਤਰ ਹੈ ਵਹਿੰਦਾ, ਸੂਰੇ ਬਲੀ ਦਲੇਰ ਨੇ ਓਹ।
੨. ਨਾਮਰਦਾਂ ਤੇ ਕਾਇਰਾਂ ਉਤੇ. ਹਰਗਿਜ਼ ਵਾਰ ਨ ਕਰਦੇ ਨੇ।
ਭੱਜੇ ਜਾਂਦੇ ਦੁਸ਼ਮਨ ਦੀ ਉਹ. ਹਰਗਿਜ਼ ਵਾਟ ਨ ਫੜਦੇ ਨੇ।
3. ਅਖਿਲਾਵਾਂ ਦੇ ਗਹਿਣੇ ਟੂੰਬਾਂ. ਹਰਗਿਜ਼ ਮੂਲ ਨ ਲਾਂਹਦੇ ਨੇ।
ਰਾਣੀ ਭਾਵੇਂ ਦਾਸੀ ਹੋਵੇ. ਹਰਗਿਜ਼ ਹੱਥ ਨ ਪਾਂਦੇ ਨੇ।


www.AKJ.Org

4. ਕੁੱਤਿਆਂ ਦੇ ਟੋਲੇ ਵਿਚ ਨਾਹੀਂ ਰਹਿੰਦਾ, ਕੋਈ ਜ਼ਨਾਹੀ ਏ।
ਚੋਰੀ ਕਰਨਾ ਉਹਨਾਂ ਤਾਈਂ, ਹਰਗਿਜ਼ ਰਵਾ ਨ ਆਈ ਏ।
5. ਚਾਹੇ ਬੁੱਢੀ ਮਾਈ ਹੋਵੇ, ਚਾਹੇ ਸੁੰਦਰ ਨਾਰੀ ਏ।
ਹਰ ਇਕ ਤਾਈਂ ਬੁੱਢੀ ਆਂਹਦੇ, ਸੁੰਦਰ ਮਨੋ ਵਿਸਾਰੀ ਏ।
6-7 ਬੁੱਢੀ ਦੇ ਮਾਅਨੇ ਬੁੱਢੜੀ, ਹਿੰਦੀ ਬੋਲੀ ਅੰਦਰ ਨੇ।
ਤਾਂਹੀਏਂ, ਜ਼ਾਨੀ ਚੋਰ ਨ ਦਿਸਦੇ, ਉਹਨਾਂ ਟੋਲੀ ਅੰਦਰ ਨੇ।

ਸਿੰਘਾਂ ਦੇ ਆਚਰਣ ਵਿਚ ਸੰਚਾਰੀ ਤੇ ਪਰਪੱਕ ਕੀਤੀ ਅਜਿਹੀ ਉੱਚਤਾ, ਜਿਸ ਦਾ ਪ੍ਰਗਟਾਅ ਖਾਲਸੇ ਨੇ ਹਰ ਅਭੀ ਨਵੀ ਸਮੇਂ ਕੀਤਾ, ਕਲਗੀਆਂ ਵਾਲੇ ਸਤਿਗੁਰੂ ਦਾ ਇਕ ਬੇਮਸਾਲ ਕਮਾਲ ਹੈ। ਅਗਿਆਨਤਾ ਤੇ ਅਸੱਤਿ ਘੋਰ ਦੀ ਨਿੰਦਰਾ ਵਿਚ ਸੁੱਤੀ ਖੇਰੂੰ ਖੇਰੂੰ ਹੋਈ ਕੌਮ ਨੂੰ, ਬੇਦਾਰ ਕਰ ਕੇ, ਆਪਣੇ ਅਸਲੇ ਦੀ ਸੋਝੀ ਪੁਵਾ ਦੇਣਾ ਹੀ ਆਪ ਦੀ ਅਦੁੱਤੀ ਅਜ਼ਮਤ ਤੇ ਕਰਾਮਾਤ ਹੈ। ਕਵੀ ਕਿੰਨਾ ਸੁੰਦਰ ਲਿਖਦਾ ਹੈ:

ਕਲਗੀਆ ਵਾਲਿਆਂ ਤੇਰੇ ਕਮਾਲ ਓ, ਕੌਮਾਂ ਸੁੱਤੀਆਂ ਜਗਾਈਆਂ।

ਸਤਿਗੁਰੂ ਜੀ ਦੇ ਸੰਘਰਸ਼-ਭਰਪੂਰ ਜੀਵਨ ਤੋਂ ਕਈਆਂ ਅੱਨਮਤੀ ਵਿਦਵਾਨਾਂ ਨੂੰ ਟਪਲਾ ਲੱਗਾ ਹੈ ਕਿ ਉਹ ਇਸਲਾਮ ਅਥਵਾ ਕਿਸੇ ਹੋਰ ਮੱਤ ਦੇ ਵਿਰੁੱਧ ਸਨ। ਪਰ, ਸਭ ਦੇ ਸਾਝੇ ਤੇ ਮਾਨੁੱਖਤਾ ਦੇ ਆਸ਼ਕ ਗੁਰੂ ਦੇਵ; ਇਸ ਭੁਲੇਖੇ ਨੂੰ ਇਉਂ ਦੂਰ ਕਰਦੇ ਹਨ :-

(ੳ) ਕੋਊ ਭਯੋ ਮੁੰਡੀਆ, ਸੰਨਿਆਸੀ, ਕੋਊ ਜਗੀ ਭਯੋ, ਕੋਊ ਬ੍ਰਹਮਚਾਰੀ, ਕੋਊ ਜਤੀ ਅਨੁਮਾਨ ਬੋ।
ਹਿੰਦੂ, ਤੁਰਕ ਕੋਊ, ਰਾਫ਼ਜ਼ੀ ਇਮਾਮ ਸ਼ਾਫੀ, ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ।
ਕਰਤਾ ਕਰੀਮ ਸੋਈ, ਰਾਜ਼ਕ ਰਹੀਮ ਓਹੀ, ਦੂਸਰੋ ਨ ਭੇਦ ਕੋਈ, ਭੂਲ ਭਰਮ ਮਾਨਬੋ।
ਏਕ ਹੀ ਸੇਵ, ਸਭਹੀ ਕੋ ਗੁਰਦੇਵ ਏਕ, ਏਕ ਹੀ ਸਰੂਪ, ਸਭੈ ਏਕੇ ਜਤ ਜਾਨਬੋ।
(ਅ) ਦੇਹਰਾ ਮਸੀਤ ਸੋਈ, ਪੂਜਾ ਔ ਨਿਵਾਜ ਓਈ, ਮਾਨਸ ਸਬੈ ਏਕ ਪੈ, ਅਨੇਕ ਕੋ ਪ੍ਰਭਾਉ ਹੈ।
ਦੇਵਤਾ, ਅਦੇਵ, ਜਛ ਗੰਧ੍ਰਬ ਤੁਰਕ ਹਿੰਦੂ,ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ।
ਏਕੈ ਨੈਨ, ਏਕੈ ਕਾਨ, ਏਕੈ ਦੇਹ, ਏਕੈ ਬਾਨ, ਖਾਕ, ਬਾਦਨ ਆਤਸ਼ ਔ ਆਬ ਕੋ ਰਲਾਉ ਹੈ।
ਅਲਹ ਅਭੇਖ ਸੋਈ, ਪੁਰਾਨ ਔ ਕੁਰਾਨ ਓਈ, ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ।
(ਅਕਾਲ ਉਸਤਤਿ)

ਗੱਲ ਕੀ, ਕਲਗੀਆਂ ਤੇ ਬਾਜ਼ਾਂ ਵਾਲੇ, ਨੀਲੇ ਦੇ ਸ਼ਾਹ ਸਵਾਰ, ਸੱਚੇ ਪਾਤਸ਼ਾਹ ਨੇ, 42 ਕੁ ਸਾਲ ਦੀ ਜਗਤ-ਫੇਰੀ ਵਿਚ ਜੋ ਜੋ ਪੂਰਨੇ ਪਾਏ ਤੇ ਕਮਾਲ ਕਰ ਵਿਖਾਏ, ਉਹ ਸਦਾ ਸਦਾ ਲਈ ਸੰਸਾਰੀਆ ਨੂੰ ਹੈਰਾਨੀ, ਅਤੇ ਸੱਚ ਦੇ ਖੋਜੀਆਂ ਨੂੰ ਵਿਸਮਾਦ ਵਿਚ ਗੜੂੰਦ ਰੱਖਣ,ਤੇ ਸੰਤੁਲਿਤ ਧਰਮੀ-ਜੀਵਨ ਪ੍ਰਦਾਨ ਕਰਨਗੇ।

ਗੁਰੂ ਜੀ ਸ੍ਵੈ-ਲਿਖਤ ਬਾਣੀ ਨੂੰ ਤਾਂਤ੍ਰਿਕ ਤੇ ਅਘੋਰੀ ਮੱਤ ਦੇ ਧਾਰਨੀ ਕਵੀਆਂ ਦੀਆਂ ਰਚਨਾਵਾਂ ਤੋਂ ਨਿਖੇੜਨ ਦਾ ਪੁੰਨ-ਕਰਮ ਹੀ ਖਾਲਸੇ ਨੂੰ ਖਾਲਸ ਤੇ ਨਿਆਰਾ ਅਤੇ ਦੋਖੀ ਅਨਮਤੀਆਂ ਨੂੰ ਉਹਨਾ ਸੰਬੰਧੀ ਅਨੁਚਿਤ ਭੁਲੇਖੇ ਪਾਉਣ ਤੋਂ ਬਾਜ਼ ਰੱਖ ਸਕਦਾ ਹੈ।

---


ਸੂਰਾ ਪੱਤਰ ਹਰ ਮਹੀਨੇ ਬਗੈਰ ਭੇਟਾ ਦੇ ਪ੍ਰਾਪਤ ਕਰੋ

ਸੂਰਾ ਪੱਤਰ ਹਰ ਮਹੀਨੇ ਆਪਣੇ ਘਰ ਮੰਗਵਾਉਣ ਦੇ ਚਾਹਵਾਨ, ਲੋੜਵੰਦ ਸੱਜਣ ਹੇਠਾਂ ਦਿੱਤੇ ਪਤੇ ਤੇ ਆਪਣਾ ਸਿਰਨਾਵਾਂ ਭੇਜ ਦੇਣ। ਉਨ੍ਹਾ ਨੂੰ ਬਿਨ੍ਹਾਂ ਕਿਸੇ ਚੰਦੇ ਦੇ 'ਸੂਰਾ' ਹਰ ਮਹੀਨੇ ਭੇਜਿਆ ਜਾਏਗਾ।

DIAMOND COPY HOUSE SCF---5 Sec 27-D CHANDIGARH TEL..656614/ 656429/ 653906
H.O.136--140/7 INDL. AREA CHANDIGARH 655514/ 657503
FAX 0172--674063 MOBILE 98140--44587 PH. RESI.609218/ 647 167/ 674462





www.AKJ.Org

# ਚੋਜੀ ਪ੍ਰੀਤਮ ਦੀਆਂ ਬਖਸ਼ਿਸ਼ਾਂ

(ਬੀਬੀ ਸੁਸ਼ੀਲ ਕੌਰ)

## ਸਰਬਤ ਦਾ ਭਲਾ

ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਸਮੇਂ, ਖਾਲਸਾ ਪੰਥ ਦਾ ਵਾਲੀ–ਸਾਡਾ ਪਿਆਰਾ ਦਸ਼ਮੇਸ਼ ਪਿਤਾ ਸਾਨੂੰ ਸਾਡੇ ਵਿਰਸੇ ਦੇ ਸਾਰੇ ਅਨਮੋਲ ਭੰਡਾਰ ਬਖਸ਼ ਦਿੰਦਾ ਹੈ। ਆਪਣਾ ਤੇਜ ਪ੍ਰਤਾਪ ਦੇ ਕੇ ਉਹ ਸਾਨੂੰ ਏਨੇ ਜੋਗੇ ਬਣਾ ਦਿੰਦਾ ਹੈ ਕਿ ਅਸੀਂ ਆਪਣੇ ਵਿਰਸੇ ਦੀਆਂ ਕਦਰਾ ਕੀਮਤਾਂ ਨੂੰ ਪਛਾਣ ਸਕੀਏ। ਸੀਸ ਭੇਟ ਕਰਨ ਦੀ ਨਿਰਾਲੀ ਰਸਮ ਨਾਲ ਅਸੀਂ ਆਪਣਾ ਦਿਲ ਦਿਮਾਗ ਵੀ ਸਤਿਗੁਰਾਂ ਦੇ ਚਰਨਾਂ ਵਿਚ ਰਖ ਦਿੰਦੇ ਹਾਂ। ਅਗੋਂ ਸਾਡਾ ਪਿਆਰਾ ਪ੍ਰੀਤਮ ਸਾਡੇ ਦਿਲ ਦਿਮਾਗ ਨੂੰ ਜਨਮਾਂ ਜਨਮਾਂ ਦੀ ਮੈਲ-ਕੁਚੈਲ ਤੋਂ ਨਵਿਰਤ ਕਰਕੇ ਗੁਰਮਤਿ ਦਾ ਚਾਨਣ ਭਰ ਦਿੰਦਾ ਹੈ। ਜਦੋਂ ਸਤਿਗੁਰਾਂ ਦੀ ਸੁਰਤੀ, ਸਤਿਗੁਰਾਂ ਦੀ ਸੋਚ ਅਤੇ ਉਸਦੇ ਜਜ਼ਬਾਤਾਂ ਦੀ ਲੋਅ ਸਾਡੇ ਵਿਚ ਆ ਜਾਂਦੀ ਹੈ ਤਾਂ ਫਿਰ ਸਮਝ ਆ ਜਾਂਦੀ ਹੈ ਕਿ ਸਾਡੇ ਸਤਿਗੁਰੂ ਦੇ "ਜਰਬਤ ਦੇ ਭਲੇ" ਦੇ ਕੀ ਅਰਥ ਹਨ?

ਪਤਾ ਲਗਦਾ ਹੈ ਕਿ ਸੱਰਬਤ ਦੇ ਭਲੇ ਦੀ ਸੋਚ ਸਾਨੂੰ ਕਿੰਨਿਆਂ ਵਡਿਆਂ ਕਰ ਦਿੰਦੀ ਹੈ। ਇਸੇ ਸੋਚ ਨੇ ਬਾਲ ਗੋਬਿੰਦ ਰਾਏ ਤੋਂ ਪਿਤਾ ਤੇਗ ਬਹਾਦਰ ਨੂੰ ਇਹ ਗੱਲ ਕਹਾ ਦਿਤੀ ਕਿ ਉਹ ਕਸ਼ਮੀਰੀ ਪੰਡਿਤਾਂ ਦੀ ਮਦਦ ਲਈ ਸਿਰ-ਧੜ ਦੀ ਬਾਜ਼ੀ ਲਾਉਣ ਲਈ ਦਿੱਲੀ ਦੇ ਜਾਬਰ ਹੁਕਮਰਾਨਾ ਕੋਲ ਜਾ ਕੇ ਹਿੰਦੂ ਧਰਮ ਬਚਾਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਸੋਚ ਨਾਲ ਆਪਣੇ ਆਪ ਨੂੰ ਖਾਲਸਾ ਪੰਥ ਵਿਚੋਂ ਹੀ ਦੇਖਣਾ ਸ਼ੁਰੂ ਕਰ ਦਿਤਾ ਅਤੇ "ਖਾਲਸਾ ਮੇਰੋ ਰੂਪ ਹੈ ਖਾਸ॥ ਖਾਲਸੇ ਮੈ ਹੋ ਕਰੋਂ ਨਿਵਾਸ"॥ ਕਹਿ ਕੇ ਇਸ ਨਿਗੂਣੀ ਜਿਹੀ ਸੋਚ ਤੋਂ ਪਿਛਾ ਛੁਡਾ ਲਿਆ ਕਿ ਇਹ ਮੇਰੀ ਪਤਨੀ ਹੈ, ਇਹ ਮੇਰੇ ਬੱਚੇ ਹਨ, ਇਹ ਮੇਰਾ ਆਰ-ਪਰਿਵਾਰ ਤੇ ਘਰਬਾਰ ਹੈ। ਗੁਰੂ ਜੀ ਦੀ ਸੋਚ ਵਿਚ ਸਰਬੱਤ ਦਾ ਭਲਾ ਸੀ। ਇਹੀ ਸੋਚ ਹੰਢਾਉਂਦੇ ਹੋਏ ਉਹ ਜਗ ਦੇ ਵੇਹੜੇ ਵਿਚੋਂ ਜਬਰ ਜ਼ੁਲਮ ਦੀਆ ਕੰਡਿਆਈਆਂ ਝਾੜੀਆਂ ਉਖਾੜ ਉਖਾੜ ਸਿਰਜਣਹਾਰੇ ਦੀ ਸਿਰਜਨਾ ਨੂੰ ਹੋਰ ਸੋਹਣਾ ਬਣਾਉਣ ਲਈ ਜਗ ਦੇ ਵੇਹੜੇ ਵਿਚ ਦਇਆ ਧਰਮ ਦੇ ਬੂਟੇ ਲਗਾਉਂਦੇ ਰਹੇ।

ਆਪਣੇ ਚਾਰੋ ਸਾਹਿਬਜ਼ਾਦਿਆਂ ਨੂੰ ਖਾਲਸਾ ਪੰਥ ਦੀ ਭੇਟ ਚੜ੍ਹਾ ਕੇ ਮਾਤਾ ਸਾਹਿਬ ਕੌਰ ਨੂੰ ਇਹ ਗਲ ਕਹਿਣੀ ਕਿ ਮੈ ਸਾਰਾ ਖਾਲਸਾ ਪੰਥ ਤੇਰੀ ਝੋਲੀ ਪਾਇਆ ਹੈ। ਜੇ ਉਹ ਚਾਰ ਮਰ ਗਏ ਤਾਂ ਗਲ ਹੀ ਕੋਈ ਨਹੀਂ; ਕਿਉਂਕਿ ਕਈ ਹਜ਼ਾਰ ਪੁਤਰ ਸਾਡੇ ਜੀਉਂਦੇ ਪਏ ਹਨ।

ਐਸੀ ਸਰਬਤ ਦੇ ਭਲੇ ਦੀ ਸੋਚ ਦਾ ਨਮੂਨਾ ਦੁਨੀਆਂ ਦੇ ਕਿਸੇ ਇਤਿਹਾਸ ਵਿਚੋਂ ਨਹੀਂ ਲੱਭਿਆ ਜਾ ਸਕਦਾ।

## ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ

ਇਤਿਹਾਸ ਗਵਾਹ ਹੈ ਕਿ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ਿਸ਼ "ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ" ਦੇ ਜੈਕਾਰੇ ਦੀ ਗੂੰਜ ਸਿੰਘਾਂ ਨੂੰ ਮੌਤ ਦੇ ਮੂੰਹ ਵਿਚ ਪਿਆਂ ਹੋਇਆਂ ਨੂੰ ਵੀ ਨਿਹਾਲਤਾ ਦੀ ਅਵਸਥਾ ਬਖਸ਼ਦੀ ਹੈ। 'ਬੋਲੇ ਸੋ ਨਿਹਾਲ' ਕਹਿ ਕੇ ਛੋਟੇ ਸਾਹਿਬਜ਼ਾਦੇ, ਚੜ੍ਹਦੀ ਕਲਾ ਦਾ ਪ੍ਰਤੀਕ ਬਣਦਿਆ--ਨੀਹਾਂ ਵਿਚ ਚਿਣ ਹੋ ਗਏ। 'ਬੋਲੇ ਸੋ ਨਿਹਾਲ' ਦੇ ਜੈਕਾਰੇ ਗੂੰਜਾਉਂਦੇ ਵੱਡੇ ਸਾਹਿਬਜ਼ਾਦੇ ਜੋਰ ਜ਼ੁਲਮ ਦਾ ਮੂੰਹ ਭੰਨਣ ਲਈ ਰਣ ਦੇ ਮੈਦਾਨ ਵਿਚ ਸ਼ਹੀਦ ਹੋ ਗਏ। ਇਸੇ ਜੈਕਾਰੇ ਦੀ ਗੂੰਜ ਦਾ ਚਮਤਕਾਰ ਸੀ ਕਿ ਅਨੇਕਾਂ ਸਿੰਘ ਅਸਹਿ ਦੁਖਾ ਨੂੰ ਵੀ ਸਹਾਰਦੇ ਹੋਏ ਨਿਹਾਲ ਹੋ ਕੇ ਕੁਰਬਾਨੀਆਂ ਤੇ ਸ਼ਹੀਦੀਆਂ ਨਾਲ ਇਤਿਹਾਸ ਨੂੰ ਸ਼ਿੰਗਾਰਦੇ ਰਹੇ। "ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ" ਦੀ ਗੂੰਜ ਵਿਚ ਮਰਨ ਵਾਲੇ ਅਕਾਲ ਪੁਰਖ ਦੀ ਯਾਦ ਵਿਚ ਨਿਹਾਲ ਹੋ ਕੇ ਮਰਦੇ ਹਨ ਅਤੇ ਹਮੇਸ਼ਾ ਹਮੇਸ਼ਾਂ ਲਈ ਨਿਹਾਲਤਾ ਦੇ ਰੰਗਾਂ ਦੀ ਪ੍ਰਾਪਤੀ ਕਰ ਲੈਂਦੇ ਹਨ।

## ਹੰਝੂਆਂ ਦੀ ਭੇਟ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਨ ਦੀਆਂ ਖੁਸ਼ੀਆ ਮਨਾਉਣ ਲਈ ਇਕ ਯਾਤਰੀ ਬਸ ਅਨੰਦਪੁਰ ਸਾਹਿਬ ਜਾ ਰਹੀ ਸੀ। ਬਾਹਰ ਬਾਰਿਸ਼ ਹੋ ਰਹੀ ਸੀ ਅਤੇ ਇਕ ਲੜਕੀ ਬਸ ਦੀ ਖਿੜਕੀ ਵਿਚ

(ਬਾਕੀ ਅਗਲੇ ਪੰਨੇ ਦੇ ਹੇਠਾਂ)



www.AKJ.Org

# ਮੇਰੇ ਕਲਗੀਧਰ ਦਸਮੇਸ਼ ਗੁਰੂ,

ਕੰਵਰਜੀਤ ਸਿੰਘ 'ਅਜ਼ਾਦ' ਦਿੱਲੀ

ਮੇਰੇ ਕਲਗੀਧਰ ਦੰਸਮੇਸ਼ ਗੁਰੂ, ਸਿਰਿ ਸ਼ਾਹਾਨ ਸ਼ਾਹ ਦਰਵੇਸ਼ ਗੁਰੂ
ਕਿਰਪਾ ਨ ਤੇਰੀ ਭੁੱਲ ਪਾਂਦੇ ਹਾਂ, ਅਸੀਂ ਹਰ ਪਲ ਸ਼ੁਕਰ ਮਨਾਂਦੇ ਹਾਂ।।
ਜ਼ਿੰਦਗੀ ਜੋ ਅਸਾਂ ਅੱਜ ਪਾਈ ਹੈ, ਕਰਿ ਕ੍ਰਿਪਾ ਤੁਸਾ ਵਰੋਸਾਈ ਹੈ
ਪਰ ਹੁਣ ਮਿੰਨਤ ਇਹ ਤਾਂ ਤੇਰੀ ਹੈ, ਉਂਜ ਧੁੰਦ ਦੁਖਾਂ ਦੀ ਤਾਂ ਘਨੇਰੀ ਹੈ।
ਵਿਚਿ ਖੇਤਾਂ ਜੋ ਅਜ ਹਰਿਆਲੀ ਹੈ, ਹਰ ਮੁਖੜੇ ਤੇ ਅੱਜ ਜੋ ਲਾਲੀ ਹੈ
ਤੁਮ ਦੇਗ਼ ਤੇਗ਼ ਦੋਇ ਫਤਹਿ ਕਰੋ, ਤੁਸਾਂ ਕਿਹਾ ਸੀ ਗੱਲ ਇਹ ਘਟਹਿ ਧਰੋ।
ਮਰ ਮਰ ਦੁਨੀਆਂ ਹੈ ਮਰਦੀ ਰਹੀ, ਗੈਰਾਂ ਲਈ ਮਰਨੋਂ ਡਰਦੀ ਰਹੀ
ਸ਼ਰਣਾਗਤਿ ਬਣਿ ਕੇ ਜੋ ਆਏ ਸੀ, ਸਿਰ ਦੇ ਤੂ, ਪਿਤਾ ਦਾ, ਬਚਾਏ ਸੀ।।
ਬਲਿਦਾਨੀ ਗੁਰੂ ਲਾਸਾਨੀ ਗੁਰੂ, ਚੌਹਾਂ ਪੁੱਤਰਾ ਦਾ ਤੂ ਦਾਨੀ ਗੁਰੂ
ਜੋ ਜਾਚ ਜੀਣੇ ਦੀ ਭੁੱਲ ਗਏ ਸੀ, ਤੁਸੀਂ ਉਨ੍ਹਾ ਸਿਖਾਵਣ ਤੁੱਲ ਗਏ ਸੀ।।
ਸਾਰੇ ਵਰਣ ਭੇਦ ਜੋ ਛਾਏ ਸੀ, ਪਾਹੁਲ ਦੇ ਤੁਸਾਂ ਨੇ ਮਿਟਾਏ ਸੀ
ਬਲ ਨਿਰਬਲਾਂ ਤਾਈਂ ਦ੍ਰਿਇਆ ਸੀ, ਚਿੜੀਆਂ ਤੋਂ ਬਾਜ਼ ਕੁਹਾਇਆ ਸੀ।।
ਉਪਕਾਰ ਤੇਰੇ ਗੁਰਦੇਵ ਮੇਰੇ, ਸਾਡੇ ਚਿੱਤ ਵਿਚਿ ਲਾਇ ਹਨ ਡੇਰੇ
ਇਕ ਪਲ ਛਿਨ ਭੁਲਾ ਨ ਪਾਂਦੇ ਹਾਂ, ਗਾ ਸੋਹਿਲੇ ਜਗ ਨੂੰ ਸੁਣਾਂਦੇ ਹਾਂ।।
ਅੱਜ ਜਗ ਸਾਰਾ ਹੈ ਜਾਣ ਗਇਆ, ਕ੍ਰਿਪਾ ਨੂੰ ਤੇਰੀ ਪਹਿਚਾਣ ਗਇਆ
ਅਕ੍ਰਿਤਘਣ ਉਹ ਅਖਵਾਂਦੇ ਨੇ, ਜੋ ਚਰਨ ਸ਼ਰਨ ਨਹੀਂ ਆਂਦੇ ਨੇ
ਗੁਣਗਾਣ ਤੇਰੇ ਗੁਰਦੇਵ ਮੇਰੇ, ਕਰਦੇ ਹਾਂ ਅਸੀਂ ਆ ਸ਼ਰਨਿ ਤੇਰੇ
ਇਕ ਪਲ ਨ ਅਸੀਂ ਭੁੱਲ ਪਾਏ ਹਾਂ, ਤੁਧ ਕਾਰਨ ਹੀ ਮੁਸਕਾਂਦੇ ਹਾਂ
ਆਜ਼ਾਦੀ ਦੀ ਰਾਹ ਤੁਸੀਂ ਦੱਸੀ, ਜ਼ਾਲਮ ਦੀ ਢਿੰਬਰੀ ਤੁਸੀਂ ਕੱਸੀ,
ਤੁਧ ਕਿਰਪਾ ਦਾ ਫਲ ਪਾਇਆ ਹੈ, ਅਸੀਂ ਹਿੰਦ ਆਜ਼ਾਦ ਕਰਾਇਆ ਹੈ
ਮੇਰੇ ਕਲਗੀਧਰ ਦਸਮੇਸ਼ ਗੁਰੂ, ਸਿਰ ਸ਼ਾਹਾਨਸ਼ਾਹ ਦਰਵੇਸ਼ ਗੁਰੂ
ਕਿਰਪਾ ਨ ਤੇਰੀ ਭੁੱਲ ਪਾਂਦੇ ਹਾਂ, ਅਸੀਂ ਹਰ ਪਲ ਸ਼ੁਕਰ ਮਨਾਂਦੇ ਹਾਂ।

---

(ਪੰਨਾ ੧੫ ਦਾ ਬਾਕੀ ...)

ਬੈਠੀ ਲਗਾਤਾਰ ਰੋਈ ਜਾ ਰਹੀ ਸੀ ਤੇ ਨਾਲੇ ਖਿੜਕੀ ਤੋਂ ਬਾਹਰ ਹੋ ਰਹੀ ਬਰਸਾਤ ਦੀਆਂ ਬੂੰਦਾ ਨੂੰ ਬੜੀ ਰੀਝ ਨਾਲ ਦੇਖ ਰਹੀ ਸੀ।

ਲੜਕੀ ਦੇ ਨਾਲ ਬੈਠੀ ਕਿਸੇ ਔਰਤ ਨੇ ਉਸ ਨੂੰ ਹਮਦਰਦੀ ਜਿਤਾਉਂਦਿਆਂ ਪੁੱਛਿਆ ਕਿ ਉਹ ਕਿਉਂ ਰੋ ਰਹੀ ਹੈ? ਲੜਕੀ ਦਾ ਧਿਆਨ ਉਖੜਿਆ, ਉਹ ਤ੍ਰਭੁਕੀ, ਜਿਵੇਂ ਕੋਈ ਗੂੜ੍ਹੀ ਨੀਂਦ ਉਖੜਨ ਨਾਲ ਤ੍ਰਭੁਕਦਾ ਹੈ। ਫਿਰ ਉਹ ਔਰਤ ਵਲ ਦੇਖ ਕੇ ਬੜੀ ਨਿਮਰਤਾ ਨਾਲ ਕਹਿਣ ਲਗੀ, "ਮੈਨੂੰ ਨਹੀਂ ਪਤਾ ਮੇਰੇ ਇਹ ਹੰਝੂ ਦਸ਼ਮੇਸ਼ ਪਿਤਾ ਦੇ ਵਿਛੋੜੇ ਦੇ ਹਨ ਕਿ ਮਿਲਾਪ ਦੇ-। ਪਰ ਇਹ ਆਪ-ਮੁਹਾਰੇ ਫੁਟ ਰਹੇ ਹੰਝੂਆ ਦੀਆਂ ਲੜੀਆ ਮੈਂ ਆਪਣੇ ਪਿਤਾ ਦੇ ਚਰਨਾਂ ਵਿਚ ਭੇਟ ਕਰ ਰਹੀ ਹਾਂ। ਹੰਝੂ ਭੇਟ ਕਰ ਕਰ ਰੱਜ ਨਹੀਂ ਆ ਰਿਹਾ। ਜਿਉਂ ਜਿਉਂ ਦਿਲ ਦਾ ਪਿਆਰ ਅੱਖੀਆਂ ਰਾਹੀਂ ਨੁੱਚੜਦਾ ਹੈ ਮੈਨੂੰ ਚੈਨ ਆ ਰਹੀ ਹੈ।" ਫਿਰ ਉਹ ਖਿੜਕੀ ਤੋਂ ਬਾਹਰ ਦੇਖ ਕੇ ਕਹਿਣ ਲਗੀ, "ਬਾਹਰ ਬਰਸਾਤ ਹੋ ਰਹੀ ਹੈ। ਕਾਸ਼ ! ਕਿ ਜਿੰਨੀਆ ਬੂੰਦਾਂ ਅਸਮਾਨ ਤੋਂ ਕਿਰ ਰਹੀਆਂ ਹਨ, ਉਨੇ ਹੀ ਹੰਝੂ ਮੇਰੀਆਂ ਅੱਖੀਆਂ ਵਿਚੋਂ ਨਿਕਲ ਕੇ ਦਸ਼ਮੇਸ਼ ਪਿਤਾ ਦੇ ਚਰਨ ਕੰਵਲਾ ਨੂੰ ਧੋ ਦੇਣ।"



www.AKJ.Org

# Guru Gobind Singh ji & his four sons

(Dr Gobind Singh Mansukhani)

Installed as the Tenth Guru at the tender age of nine Guru Gobind Singh thought of making preparations for the great task ahead of him. The tyranny and challenge of Aurangzeb had to be met. So for about ten years, the Guru lived peacefully at Anandpur and Paonta practising arms and exercises to complete his training as a soldier. He also studied persian and sanskrit and engaged 52 poets to translate the Hindu epics. Stories of ancident heroes were translated into punjabi in order to create the martial spirit among the sikhs. The Guru also wrote serveral compositions including Jaap Sahab Akal Ustat and sawayes during this period. He also established a new Gurduwara at Paonta Sahib on the banks of the river Jamna.

The Guru wanted to create a strong respecting community. He inspired the Sikhs with courage and heriosm and a life of simplicity and hard work. On the 29th march 1699 Guru Goind Singh held a big Diwan at Kesgarh Sahib. Sikhs from differerent parts of India came to make their offerings. After the usual prayers the guru suddenly drew his sword and asked the audience "Is there any true Sikh of mine who is ready to die for Dharma?" After a moment's silence one sikh named Dayaram stood up and offered his life. The Guru led him to an enclosure he cut him up and come out with the sword dripping blood. He again asked the audience for another head and one Dharam Das responded to his call. He was also taken to the enclosure. Then the third man who offered his head was Himathmal . The fourth disciple was Mohkam Chand and the fifth was Sahib Chand. These five Sikhs were brought out from the enclosure and seated before the Guru. These five were called panch Piyara who were the first to be baptised with Amrit by the Guru.

The Guru stirred the water placed in an iron vessal with a two edged sword reciting the five Banis. At this time his wife Sahib Deva brought some sugar pellets and put them into the water. The Guru then gave each of these five sikhs five handfuls he sprinkled on the hair and five on the eyes of each and every time they repeated the sikh greeting." Wahguru Ji Ka Khalsa Wahguru Ji Ki Fateh." He told them to keep the five Kakars. (each beginning with the latter K) He further said, "I wish you all to embrace one creed and follow one path obliterating all differences of religion. Let the four Hindu castes alone which have different rules laid down for them abondon them altogether and adopting the way of cooperation mix freely with one another . Let no one deem himself superior to another. Do not follow the old purans. Let none visit the Ganges and other places of pilgrimage which are considered holy according to the Hindu deities but all should believe in Guru Nanak and his sucessors. Let men of the four castes receive my baptism eat out of the same vassel and feel no disgust or contempt for one another." These five were the Khalsa the pure ones. Then he requested them to administer Amrit to him in the same way. It was a dramatic scene the Guru kneeling before his own disciples for Amrit. How wonderful is Guru Gobind



www.AKJ.Org

Singh! He treated his disciples as his equals. Thousands of Hindus and Harijans took Amrit and joined the khalsa panth.

The Khalsa was the spear head of defence against the aggressive Moghal forces and hill Rajas. Many battles were waged resulting in great slaughter but in most of them the Guru victorious. Guru Gobind Singh had four sons: Ajit Singh Jujhar Singh Zorawar Singh and Fateh Singh. All of them had taken Amrit and vowed to resist the oppression of emperor Aurangzeb. The fortress of Chamkaur occupied by Guru Gobind Singh and his forty sikhs was besieged by the moghul army. Ajit Singh the eldest son of the Guru now hardly fifteen desired to play his part in this struggle. He approached his father for permission to fight with the Moghal army and share the honour of martydom with the sikhs. The Guru blessed him and gave him a small sword. Ajit Singh's courage and heroism won applause from the enemy After killing many Moghuls he tasted the cup of martyrdom. His sacrific inspired his brother Jujhar Singh who is turn sought his father's permission to share the honour of battle The boy was hardly thirteen. The Guru Kissed him and dressed him like a soldier He told him to taste the nectar of martyrdom. The young hero then jumped into the thick of battle and rode the way his brother had gone

After leaving Anandpur Mata Gujari and her two grandsons Fateh Singh and Zorawar Singh were betrayed by their Brahman servant Gangu and handed over to the nawab of Sirhind. The grandmother was confined in a solitary cell. The two sons of the Guru Fateh Singh hardly nine and Zorawar Singh hardly seven were produced at the Nawab's court. They were offered the usual choice Islam or death. The little ones boldly asked for death They had taken Amrit and could never brook any recanding. The nawab again offered them inducements money and honours if they embraced Islam. They rejected his off repeated offer knowing fully well that they would be put to death. The nawab devised a new torture for these lads. He ordered that the two brothers be bricked alive. The children joyfully faced death Their grandmother learnt the tragic end of the two brothers and passed away When the news of their execution reached the Guru he stood up and offered a prayer of thanks to the Almighty:

"Today I have discharged the trust committed to my care. The life of my children has been sacrificed for the faith."

The death of Aurangzeb in 1707 meant the cessation of Guru's war like programme Emperor Bahadur Shah was apparently friendly to the Guru. The Guru now proceeded to south India. At Nander he baptised Bairagi Lachman das and gave him the name of Banda Singh Bahadur.One day a pathan assassin attacked the Guru. Knowing that his end was near the Guru ordered the cessation of the line of living Gurus and installed Guru Granth Sahib as the permanent Guru. He passed away at Nander in october 1708.



www.AKJ.Org

# Guru Gobind Singh The Illustrious son of INDIA

(Bhagwant Singh Dalawari)

Let us not belittle the most effective soldier saint that India has produced by linking the question of Khalistan projected by the lunatic fringe. Guru Gobind Singh created Khalistan in the heart of all his followers by stressing oneness of humanity and by directing the Khalsa he produced on the Baisakhi day of 1699 to serve humanity without discrimination.

Punjab claimed Guru's splendid work but it was Bihar which gave birth and it was Maharashtra where he left the world. In the entire scheme of things that the Guru worked for creating fearlessness resistance against tyranny and ceaseless remembrance of God despite odds there was no separatism; there was no discrimination in caste creed or state. Here is what he said:

**Deora Maseet Soi. Pooja Namaz ohi**

(Temple and the mosque are the same; same is worship or Namaz)

Again Pir Budhu Shah, a Muslim saint, sacrificed his two sons and a large mumber of his followers for the sake of righteousness that Guru fought for. There was no question of Hindu or Muslim in the analysis of the Guru. He owned and blessed righteousness wherever it was seen and condemned falsehood even if the Sikhs showed it. There is therefore no mercy for the Sikhs who follow him in words but do not obey him in practice.

**Rehat Piari Mujh, Ko Sikh Piara Nahi**

The entire history of Sikhism is a saga of service and sacrifice not only preached by the Sikh Gurus but practised by them and their followers. Unfortunately because of narrow political ends and narrow personal gains both the rulers in the previous Central Government and the State Government bungled in displaying the Sikhs as terrorists and secessionists. The Government also bungled in trying to get away with the condemnation of the whole community for the fault of a few. I hope saner counsels will prevail among the sikhs now that the Guru's sage advice could be consident calmly and the bloodly approach on account of the fake encounters of the past could be reviewed.

One thing must be remembered. Religion and politics can mix only with one clarity.Religioni.e spirtual righteousness will alaways be dominant and no personal ends in politics or social advancement will take precedence over living the commands of the Guru in day-to-day life. It is no use praising Guru Gobind Singh and quoting foreign and other Indian eminent people's opinion if our conduct does not match the commands of the master.

Guru Gobind Singh is of course great but his greatness will shine in truth when we the adherents will show his saintliness and his soldiery in saving the tyrannised even at the cost of our lives. That strength will come only from the devotion to live Gurbani in our lives. May this birthday of Guru Gobind Singh produce that urge in us

ਮੋਖ ਰਹਿਤ ਲੜੀਵਾਰ ਗੁਟਕੇ

ਨਿਤਨੇਮ ਅਤੇ ਸੁਖਮਨੀ ਸਾਹਿਬ ਦੇ ਲੜੀਵਾਰ ਗੁਟਕੇ ਬਿਨਾ ਕਿਸੇ ਭੇਟਾ ਦੇ ਮੋਖ ਰਹਿਤ ਪ੍ਰਾਪਤ ਕਰਨ ਲਈ ਸੰਪਰਕ ਕਰੋ। ਸ: ਗੁਰਪ੍ਰੀਤ ਸਿੰਘ 67-D ਡਾ: ਮੁਖਰਜੀ ਨਗਰ ਦਿੱਲੀ ਫੋਨ : 7654833



www.AKJ.Org

# ਅਖੰਡ ਕੀਰਤਨੀ ਜੱਥਾ

(ਅਨੂਪ ਸਿੰਘ ਨੂਰੀ)

**ਇਹ ਕਵਿਤਾ ਮਿਤੀ 11-11-੨000 ਨੂੰ ਗੁਰਦੁਆਰਾ ਬੇਬੇ ਨਾਨਕੀ ਜੀ ਦੇ ਦਰਬਾਰ ਵਿਚ ਸਵੇਰੇ 5 ਵਜੇ ਅਖੰਡ ਕੀਰਤਨੀ ਜੱਥਾ ਦੇ ਰੈਣ ਸਬਾਈ ਕੀਰਤਨ ਦੇ ਭੋਗ ਉਪਰੰਤ ਕੀਰਤਨੀ ਜੱਥਿਆ ਤੇ ਸਮੂਹ ਸਿੰਘਾਂ ਦੇ ਧੰਨਵਾਦ ਵਿਚ ਗੁਰਦੁਆਰਾ ਦੇ ਮੈਨੇਜਰ ਅਨੂਪ ਸਿੰਘ ਨੂਰੀ ਵੱਲੋਂ ਪੜ੍ਹੀ ਗਈ**

1. ਅਖੰਡ ਕੀਰਤਨੀ ਜੱਥੇ ਦੇ ਸਿੰਘ। ਸੂਰੇ ਮੈ ਵੇਖਦਾ ਸਾਹਿਬੇ ਕਮਾਲ ਸਾਰੇ।
ਬਾਣੀ ਬਾਣੇ ਦੇ ਨਾਲ ਪਿਆਰ ਰਖਦੇ ਰਹਿਤ ਬਹਿਤ ਚ ਗੁਰੂ ਦੇ ਲਾਲ ਸਾਰੇ।
ਭੋਜਨ ਤਾਮਸੀ ਹਉਮੈ ਤੋਂ ਦੂਰ ਰਹਿਕੇ ਕੀਰਤਨ ਕਰਕੇ ਕਰਨ ਨਿਹਾਲ ਸਾਰੇ।
ਹਰ ਇਕ ਸਿੰਘ ਚੋਂ ਗੁਰੂ ਦੇ ਹੋਣ ਦਰਸ਼ਨ ਭਰੇ ਹੋਏ ਗੁਰ ਕੀਰਤੀ ਨਾਲ ਸਾਰੇ।
ਅਸਲ ਬੰਦਗੀ ਬੰਦਗੀ ਬੰਦਿਆਂ ਦੀ, ਮੈਨੂੰ ਜਾਪਦੇ ਬੰਦਿਗੀਦਾਰ ਸਾਰੇ।
ਨੂਰੀ ਇਹਨਾਂ ਨੂੰ ਮਿਲਦਿਆਂ ਭੁੱਖ ਲਹਿੰਦੀ ਕਰਦੇ ਇਸ ਤਰ੍ਹਾਂ ਨਾਲ ਪਿਆਰ ਸਾਰੇ।
੨. ਅਖੰਡ ਕੀਰਤਨ ਦਾ ਜਦੋਂ ਇਹ ਜਾਪ ਕਰਦੇ (ਜਦ) ਵਾਹਿਗੁਰੂ-੨ ਮੁਖੋਂ ਉਚਾਰਦੇ ਨੇ।
ਲਗਾਤਾਰ ਇਹ ਵਾਹਿਗੁਰੂ ਕਹਿਣ ਸਦਕੇ ਰੂਪ ਵਾਹਿਗੁਰੂ ਸਮਝੋ ਲਓ ਧਾਰਦੇ ਨੇ।
ਬੱਚੇ ਬਿਰਧ ਜਵਾਨ ਸਭ ਇਉ ਜਾਪਣ ਸ਼ਾਖ ਸਾਤ ਇਹ ਰੂਪ ਕਰਤਾਰ ਦੇ ਨੇ।
ਪਤਝੜ ਇਹਨਾਂ ਪਾਸੋਂ ਡਰਕੇ ਦੂਰ ਰਹਿੰਦੀ ਖਿੜੇ ਫੁੱਲ ਇਹ ਸਦਾ ਬਹਾਰ ਦੇ ਨੇ।
ਮੈਨੂੰ ਇਹਨਾਂ ਵਿਚ ਨਜ਼ਰ ਨਹੀਂ ਖੋਟ ਆਉਂਦੀ ਸ਼ੁਧ ਸੋਨੇ ਇਹ ਪਰਖੇ ਸੁਨਿਆਰ ਦੇ ਨੇ।
ਪਤਾ ਨਹੀਂ ਇਹ ਫਿਰ ਵੀ ਰੜਕਦੇ ਕਿਉਂ ਅੱਖ ਵਿਚ ਇਸ ਦੂਲੀ ਸਰਕਾਰ ਦੇ ਨੇ।
3. ਥਿੜਕੂ ਡਰੂ ਜਾਂ ਕੰਬੂ ਜਹਾਨ ਤੇ ਉਹ ਪਾਸ ਜੀਹਦੇ ਕੋਈ ਝੂਠ ਪਖੰਡ ਹੋਊਗਾ।
ਦਿਲ ਵਿਚ ਹੋਰ ਤੇ ਉਪਰੋਂ ਹੋਰ ਹੋਊ ਜੋ, ਨਿਰਾ ਜਿਹੜਾ ਜ਼ਮਾਨੇ ਦਾ ਭੰਡ ਹੋਊਗਾ ।
ਰਹਿਤ ਬਹਿਤ ਚ ਜਿਹੜਾ ਬਹਿਰੂਪੀਆਂ ਹੋਊ ਉੱਕਾ ਐਵੇਂ ਜੋ ਪਾ ਰਿਹਾ ਡੰਡ ਹੋਊਗਾ।
ਉਹਦੀ ਏਸ ਅਸਥਾਨ ਤੇ ਥਾਂ ਨਹੀਂ ਕੋਈ ਉਹ ਤਾਂ ਵਾਂਗ ਗੰਡਾਸਿਆ ਚੰਡ ਹੋਊਗਾ ।
ਏਸ ਸੰਸਥਾ ਵਿਚ ਇਕ ਵੀ ਨਹੀ ਐਸਾ, ਚਾਹੀਦੈ ਇਹਨਾਂ ਬਾਰੇ ਦੁਨੀਆਂ ਜਾਣ ਸਕੇ।
ਸੂਝਵਾਨ ਸਰਕਾਰ ਧਿਆਨ ਦੇ ਕੇ ਹੀਰੇ ਕਚ ਦੀ ਪਰਖ ਪਛਾਣ ਸਕੇ।
4. ਨਾਮ ਰੰਗ ਵਿਚ ਅਸਾਂ ਨੂੰ ਰੰਗ ਕੇ ਇਹ ਬਾਣੀ ਗੁਰੂ ਵਿਚ ਅਸਾਂ ਨੂੰ ਜੋੜਦੇ ਨੇ।
ਬੁਰਾ ਕਦੇ ਇਹ ਕਿਸੇ ਦਾ ਸੋਚਦੇ ਨਹੀਂ ਭਲਾ ਸਦਾ ਸਰਬਤ ਦਾ ਲੋੜਦੇ ਨੇ।
ਨਾਨਕ ਗੁਰੂ ਦਾ ਪੁਰਬ ਮਨਾਉਣ ਆਉਂਦੇ ਮਨ ਹਉਮੈ ਹੰਕਾਰ ਤੋਂ ਮੋੜਦੇ ਨੇ।
ਨਸ਼ੇ ਅਦਿ ਤੇ ਤਾਮਸੀ ਭੋਜਨਾਂ ਤੋਂ ਸਭ ਨੂੰ ਪਿਆਰ ਥੀਂ ਹਟਕਦੇ ਹੋੜਦੇ ਨੇ ।
ਸਾਡੇ ਵੱਲੋ ਸਤਿਕਾਰ ਦੇ ਇਹ ਕਾਬਲ ਸੋਹਣੇ ਪੰਥ ਦੀ ਅਸਲ ਵਿਚ ਸ਼ਾਨ ਨੇ ਇਹ।
ਕਿਉਂ ਨ ਇਹਨਾਂ ਦਾ ਮਾਣ ਸਤਿਕਾਰ ਕਰੀਏ ਸਾਡਾ ਮਾਣ ਨੇ ਇਹ ਸਾਡਾ ਮਾਣ ਨੇ ਇਹ।
5. ਨਾਨਕ ਪਾਤਸ਼ਾਹ ਸਾਡੀ ਅਰਦਾਸ ਹੈ ਇਹ ਏਸੇ ਤਰ੍ਹਾਂ ਹਰ ਸਾਲ ਇਹ ਆਉਣ ਜਮ ਜਮ।
ਬੀਬੀ ਨਾਨਕੀ ਭੈਣ ਦੇ ਘਰ ਆ ਕੇ ਰੱਬੀ ਬਾਣੀ ਦੀਆਂ ਛਹਿਬਰਾਂ ਲਾਉਣ ਜਮ ਜਮ।
ਕੀਰਤਨ ਰੈਣ ਸਬਾਈ ਦੇ ਜਾਪ ਰਾਹੀਂ ਵਾਹਿਗੁਰੂ ਵਾਹਿਗੁਰੂ ਸਾਨੂੰ ਸੁਣਾਉਣ ਜਮ ਜਮ ।
ਮੇਰੇ ਵਰਗਿਆਂ ਗਫ਼ਲਤੀ ਸੁਤਿਆਂ ਨੂੰ ਬਾਣ ਬਾਣੀ ਦੇ ਮਾਰ ਜਗਾਉਣ ਜਮ ਜਮ ।
ਅਸੀ ਹਿਰਦਿਉ ਸ਼ੁਕਰ ਗੁਜ਼ਾਰ ਸਭ ਦੇ ਜਿਨ੍ਹੇ ਕਦਮ ਤੁਸੀ ਆਏ ਹਜ਼ੂਰ ਚਲਕੇ।
ਸਾਨੂੰ ਫਸੇ ਹਨੇਰੇ ਦੇ ਚੱਕਰਾਂ ਚੋਂ ਨੂਰੀ ਤੁਸਾਂ ਕੀਤੈ ਨੂਰੋ ਨੂਰ ਚਲਕੇ।



www.AKJ.Org

# ਗੁਰੂ ਨਾਂਨਕ ਦੇਵ ਜੀ ਦਾ ਸੱਚਾ ਸੌਦਾ-ਰਹੱਸ

*(ਭਾਈ ਰਾਮ ਸਿੰਘ ਗਰੇਵਜ਼ੈਂਡ)*

(ਦਸੰਬਰ ਅੰਕ ਤੋਂ ਅਗੇ...)

ਸੋ ਗੁਰੂ ਜੀ ਨੇ ਕੁਰਾਹੇ ਪਿਆ ਸਾਧੂ ਜਨਾਂ ਨੂੰ ਹਰ ਥਾਂ ਅਤੇ ਘਟ ਘਟ ਵਿਚ ਵਸਣ ਵਾਲੇ ਰੱਬ ਦੀ ਸਹੀ ਖੋਜ ਅਤੇ ਸਹੀ ਅਰਥਾਂ ਵਿਚ ਗ੍ਰਹਿਸਤੀ ਜੀਵਣ ਬਾਰੇ ਦੱਸ ਕੇ ਉਨ੍ਹਾਂ ਲੰਗੜਾ ਜੀਵਨ ਜੀਊਣ ਵਾਲਿਆਂ ਨੂੰ ਸੰਪੂਰਨ ਜੀਵਨ ਜਿਊਣ ਦਾ ਰਾਹ ਦਿਖਾ ਦਿੱਤਾ। ਉਨ੍ਹਾਂ ਨੂੰ ਘਾਲ ਕਮਾਈ ਕਰਕੇ ਤੇ ਵੰਡ ਛੱਕ ਕੇ ਤੇ ਉਦਮ ਦੁਆਰਾ ਕਮਾਈ ਕਰਕੇ ਹਰ ਤਰ੍ਹਾਂ ਦਾ ਖੁਸ਼ੀ ਭਰਿਆ ਜੀਵਣ ਜੀਉ ਕੇ ਰੱਬ ਜੀ ਦਾ ਮਿਲਾਪ ਹਾਸਲ ਕਰਨ ਦਾ ਆਸਾਨ ਰਸਤਾ ਦੱਸ ਕੇ ਉਨ੍ਹਾਂ ਦੇ ਅੰਧ ਵਿਸ਼ਵਾਸ਼ੀ ਤੇ ਅਗਿਆਨੀ ਮਨਾਂ ਵਿਚ ਗਿਆਨ ਦਾ ਚਾਨਣ ਕਰ ਦਿੱਤਾ। ਗੁਰੂ ਜੀ ਨੇ ਉਨ੍ਹਾਂ ਨੂੰ ਅਹਿਸਾਸ ਕਰਾ ਦਿੱਤਾ ਕਿ ਸੁਚੱਜਾ ਗ੍ਰਹਿਸਤੀ ਜੀਵਣ ਜੀਉਂਦਿਆ ਆਪਣੇ ਪ੍ਰਵਾਰ ਦੀ ਠੀਕ ਦੇਖਭਾਲ ਕਰਦਿਆਂ ਤੇ ਹੋਰਨਾਂ ਦੇ ਦੁਖ ਸੁਖ ਦੇ ਭਾਈਵਾਲ ਬਣਦਿਆ ਇਕ ਵਾਰ ਰੱਬ ਜੀ ਦਾ ਨਾਮ ਜਪਣਾ, ਵਿਹਲੇ ਰਹਿ ਕੇ ਹੋਰਨਾਂ ਦੇ ਮੋਢਿਆਂ ਦਾ ਭਾਰ ਬਣ ਕੇ ਦਸ ਗੁਣਾਂ ਨਾਮ ਜਪਣ ਨਾਲੋਂ ਜ਼ਿਆਦਾ ਫਲਦਾਇਕ ਹੈ। ਇੱਥੇ ਆਮ ਗ੍ਰਹਿਸਤੀ ਤੇ ਆਪਣੇ ਆਪਣੇ ਡੇਰੇ ਬਣਾ ਕੇ ਬੈਠਿਆਂ ਅੱਜ ਦੇ ਸਾਧੂ ਜਨਾਂ ਵਾਸਤੇ ਵੀ ਬਹੁਤ ਢੁੱਕਵਾਂ ਸਬਕ ਹੈ। ਗ੍ਰਹਿਸਤੀਆਂ ਨੂੰ ਇਹ ਕਿ ਸਿਰਫ ਪੈਸੇ ਦੀ ਦੌੜ ਮਗਰ ਲੱਗ ਕੇ ਸਿਰਫ਼ ਪੈਸੇ ਰਾਹੀਂ ਮਿਲਣ ਵਾਲੀਆਂ ਸਹੂਲਤਾਂ ਤੇ ਪਦਾਰਥਾਂ ਦਾ ਅਨੰਦ ਮਾਣਦੇ ਹੋਏ,ਪ੍ਰਭੂ ਪ੍ਰਮਾਤਮਾ ਦੀ ਯਾਦ ਤੱਕ ਨੂੰ ਵੀ ਭੁਲਾ ਕੇ ਤੇ ਸਿਰਫ ਕਦੇ ਕਦੇ ਦਿਖਾਵੇ ਦੇ ਧਰਮੀ ਬਣ ਕੇ ਮਨ ਦੀ ਸ਼ਾਂਤੀ ਪ੍ਰਾਪਤ ਕਰਨ ਦੀ ਗੱਲ ਨੂੰ ਬਿਲਕੁਲ ਭੁੱਲ ਜਾਣਾ ਚਾਹੀਦਾ ਹੈ। ਪਦਾਰਥਾਂ ਨਾਲ ਰੱਜ ਕੇ ਮਨ ਦੀ ਸ਼ਾਂਤੀ ਨਾ ਪ੍ਰਾਪਤ ਕਰਕੇ ਜੋ ਮਨ ਦੀ ਅਸਲੀ ਸ਼ਾਂਤੀ ਲੱਭਣ ਲਈ ਹਿੱਪੀਆਂ ਦੀ ਸ਼ਕਲ ਵਿਚ ਕਈ ਤਰ੍ਹਾਂ ਦੇ ਤਾਂਤਰਕ ਮੱਤਾਂ ਦੇ ਰਿਸ਼ੀਆਂ ਮੁੰਨੀਆਂ, ਸਾਧਾਂ ਆਦਿ ਦੇ ਮਗਰ ਭੱਜੇ ਤੇ ਨਸ਼ਿਆਂ ਦੇ ਸ਼ਿਕਾਰ ਬਣੇ ਫਿਰਦੇ ਹਨ, ਉਨ੍ਹਾਂ ਦਾ ਹਾਲ ਦੇਖ ਲੈਣਾ ਚਾਹੀਦਾ ਹੈ।

ਇਥੇ ਇਕ ਰੱਜੇ ਪੁੱਜੇ ਪਰ ਰੱਬ ਜੀ ਵਲੋਂ ਬੇਪ੍ਰਵਾਹ ਸੇਠ ਦੀ ਸਾਖੀ ਦਾ ਵਰਣਨ ਕਾਫੀ ਢੁੱਕਵਾਂ ਹੋਵੇ ਗਾ। ਗੁਰੂ ਅਰਜਨ ਦੇਵ ਜੀ ਦੇ ਸਮੇਂ ਇਕ ਲਖਪਤੀ ਸੇਠ ਅੰਮ੍ਰਿਤਸਰ ਵਿਖੇ ਰਹਿੰਦਾ ਸੀ। ਉਸ ਦੇ ਗੁਆਢ ਇਕ ਨਿਤਨੇਮੀ ਸਿੱਖ ਰਹਿੰਦਾ ਸੀ,ਜੋ ਹਰ ਰੋਜ਼ ਦੋਨੋਂ ਵੇਲੇ ਗੁਰੂ ਜੀ ਤੇ ਸੰਗਤਾਂ ਦੇ ਦਰਸ਼ਨ ਅਤੇ ਗੁਰਬਾਣੀ ਦੀ ਕਥਾ ਜੋ ਭਾਈ ਗੁਰਦਾਸ ਜੀ ਕਰਿਆ ਕਰਦੇ ਸਨ ਸੁਣਨ ਜਾਇਆ ਕਰਦਾ ਸੀ।ਇਕ ਦਿਨ ਉਸ ਸਿੱਖ ਦੇ ਮਨ ਵਿਚ ਵਿਚਾਰ ਆਇਆ ਕਿ ਗੁਆਂਢ ਵਿਚ ਰਹਿੰਦੇ ਸੇਠ ਨੂੰ ਕਦੇ ਸੰਗਤ ਵਿਚ ਜਾਂਦੇ ਨਹੀ ਦੇਖਿਆ ਤੇ ਕਿਉਂ ਨਾ ਉਸ ਨੂੰ ਸੰਗਤ ਵਿਚ ਜਾਣ ਲਈ ਪ੍ਰੇਰਿਆ ਜਾਵੇ, ਜਿਸ ਬਾਰੇ ਗੁਰੂਜੀ ਦਾ ਵੀ ਹੁਕਮ ਹੈ। ਸੋ ਉਹ ਸੇਠ ਦੇ ਘਰ ਗਿਆ ਤੇ ਕਿਹਾ ਕਿ ਮੈਂ ਆਪ ਜੀ ਦਾ ਗੁਆਢੀ ਹਾਂ ਤੇ ਆਪ ਜੀ ਦੇ ਅੱਗੇ ਇਕ ਬੇਨਤੀ ਕਰਨ ਆਇਆ ਹਾਂ। ਸੇਠ ਨੇ ਕਿਹਾ ਕਿ ਬੇਨਤੀ ਨਹੀ ਹੁਕਮ ਕਰੋ। ਸਿੱਖ ਨੇ ਕਿਹਾ ਕਿ ਨਹੀਂ ਹੁਕਮ ਨਹੀਂ ਬੇਨਤੀ ਹੀ ਕਰਨੀ ਹੈ, ਤੇ ਉਹ ਇਹ ਹੈ ਕਿ ਆਪ ਜੀ ਜ਼ਰੂਰ ਇਕ ਦਿਨ ਸੰਗਤ ਵਿਚ ਚਲੋ। ਸੇਠ ਨੇ ਇਕ ਦਮ ਕਿਹਾ ਕਿ ਸੰਗਤ ਵਿਚ ਤਾਂ ਉਹ ਲੋਕ ਹੀ ਜਾਂਦੇ ਹਨ ਜਿਨ੍ਹਾਂ ਨੂੰ ਕਿਸੇ ਚੀਜ਼ ਦੀ ਲੋੜ ਹੋਵੇ ਤੇ ਗੁਰੂ ਪਾਸੋਂ ਮੰਗਣੀ ਹੋਵੇ।

ਅੱਗੇ ਲਿਖਣ ਤੋਂ ਪਹਿਲਾਂ ਇੱਥੇ ਦੁਨਿਆਵੀ ਪਦਾਰਥ ਤੇ ਚੀਜ਼ਾਂ ਮੰਗਣ ਬਾਰੇ ਵਿਚਾਰ ਕਰਨੀ ਜ਼ਰੂਰੀ ਹੈ ਕਿਉਂਕਿ ਗੁਰੂ ਸਾਹਿਬਾਨ ਦੀ ਸਿੱਖਿਆ ਦੇ ਹੁੰਦਿਆਂ ਵੀ ਸਿੱਖੀ ਦਾ ਆਲਾ ਦੁਆਲਾ ਹਿੰਦੂ ਬਹੁਗਿਣਤੀ ਦਾ ਹੋਣ ਕਰਕੇ ਹਿੰਦੂ ਸਿਧਾਂਤ ਦਾ ਸਭ ਉੱਤੇ (ਕੁਝ ਕੁ ਨੂੰ ਛੱਡ ਕੇ) ਬਹੁਤ ਅਸਰ ਹੈ ਜੋ ਅੱਜ ਕਲ ਵੀ ਚੱਲਿਆ ਆ ਰਿਹਾ ਹੈ। ਵੇਦਾਂ ਤੇ ਹੋਰ ਹਿੰਦੂ ਗ੍ਰੰਥਾਂ ਵਿਚ ਜ਼ਿਆਦਾਤਰ ਦੁਨਿਆਵੀ ਪਦਾਰਥਾਂ ਦੀ ਪ੍ਰਾਪਤੀ ਲਈ ਮੰਤਰਾਂ ਦੇ ਪੜ੍ਹੇ ਜਾਣ ਬਾਰੇ ਬੜਾ ਕੁਝ ਲਿਖਿਆ ਹੈ ਜਿਸ ਬਾਰੇ ਗੁਰੂ ਗ੍ਰੰਥ ਸਾਹਿਬ ਵਿਚ ਕਈ



www.AKJ.Org

ਥਾਵਾ ਤੇ ਇਸ਼ਾਰੇ ਮਿਲਦੇ ਹਨ। ਜਦ ਕਿ ਗੁਰੂ ਸਾਹਿਬਾਨ ਨੇ ਗੁਰਬਾਣੀ ਵਿਚ ਪ੍ਰਮਾਤਮਾ ਦੇ ਨਾਮ ਦੀ ਬਖਸ਼ਿਸ਼ ਤੇ ਉਸ ਦੀ ਕਮਾਈ ਲਈ ਹੀ ਅਰਦਾਸਾਂ ਬੇਨਤੀਆਂ ਕਰਨੀਆਂ ਦੱਸੀਆਂ ਹਨ, ਕਿਉਕਿ ਦੁਨਿਆਵੀ ਪਦਾਰਥ ਤਾਂ ਐਸੀ ਕਮਾਈ ਦੇ ਹੁੰਦਿਆਂ ਬਿਨਾਂ ਮੰਗੇ ਮਿਲਦੇ ਰਹਿੰਦੇ ਹਨ। ਇਹ ਹੀ ਨਹੀਂ ਪ੍ਰਮਾਤਮਾ ਤਾਂ ਸਭ ਨੂੰ ਦੇ ਰਿਹਾ ਹੈ, ਭਾਵੇ ਕੋਈ ਆਸਤਕ ਹੋਵੇ ਜਾਂ ਨਾਸਤਕ ਕਿਉਂਕਿ ਉਸ ਨੇ ਸਭ ਨੂੰ ਆਪਣੀ ਮੌਜ ਵਿਚ ਆ ਕੇ ਪੈਦਾ ਕੀਤਾ ਹੈ ਪਰ ਅੱਜ ਕਲ ਬਹੁਤੇ ਭੋਲੇ ਭਾਲੇ ਸਿੱਖ ਸਿਰਫ ਹਿੰਦੂ ਸਿਧਾਂਤ ਦੇ ਅਸਰ ਹੇਠ ਹੀ ਨਹੀ ਸਿੱਖੀ ਰੂਪ ਵਿਚ 'ਪੁਰਾਣੇ ਕਿਸਮ ਦੇ ਸਿੱਧ ਜੋਗੀਆਂ ਵਰਗੇ ਬਹੁਤ ਸਾਰੇ ਡੇਰੇ ਪੈਦਾ ਹੋ ਗਏ ਹਨ ਜਿਥੇ ਉਨ੍ਹਾਂ (ਭੋਲੇ ਭਾਲੇ ਸਿੱਖਾਂ)ਨੂੰ ਉਨ੍ਹਾਂ ਦੀਆਂ ਦੁਨੀਆਵੀ ਮੁਰਾਦਾਂ ਪੂਰੀਆਂ ਕਰਨ ਲਈ ਸੱਦੇ ਦਿੱਤੇ ਜਾਂਦੇ ਹਨ ਅਤੇ ਭੋਲੇ ਭਾਲੇ ਸਿੱਖਾ ਨੂੰ ਗੁਰਬਾਣੀ ਦੀ ਵਿਚਾਰ ਵੱਲ ਲਾਉਣ ਦੀ ਬਜਾਏ ਮੰਤਰਾ ਵਾਂਗ ਕੁਝ ਪੜ੍ਹਨ ਨੂੰ ਤੇ ਕੁਝ ਚੜ੍ਹਾਵੇ ਚੜ੍ਹਾਉਣ ਲਈ ਆਖਿਆ ਜਾਂਦਾ ਹੈ ਤੇ ਇਨ੍ਹਾਂ ਵਿਚਾਰਿਆ ਨੂੰ ਗੁਰਬਾਣੀ ਤੇ ਸਿੱਖੀ ਬਾਰੇ ਕੋਈ ਗਿਆਨ ਨਾ ਹੋਣ ਕਰਕੇ ਇਨ੍ਹਾਂ ਮਗਰ ਲੱਗ ਕੇ ਇਹ ਆਪਣਾ ਜੀਵਣ ਤੇ ਕਮਾਈ ਬਰਬਾਦ ਕਰ ਰਹੇ ਹਨ।

ਖੈਰ ਉਸ ਸਿੱਖ ਨੇ ਸੇਠ ਨੂੰ ਜਦ ਸੰਗਤ ਵਿਚ ਜਾਣ ਲਈ ਕਿਹਾ ਤਾਂ ਉਸ ਨੇ ਕਿਹਾ ਸੀ ਕਿ ਉਥੇ ਜਿਸ ਨੂੰ ਕੁਝ ਮੰਗਣ ਦੀ ਲੋੜ ਹੋਵੇ ਉਹ ਹੀ ਜਾਂਦਾ ਹੈ। ਉਸ ਨੇ ਸਗੋਂ ਹੋਰ ਮਾਣ ਨਾਲ ਕਿਹਾ ਕਿ ਮੇਰੇ ਕੋਲ ਤਾਂ ਰੱਬ ਦਾ ਦਿੱਤਾ ਸਭ ਕੁਝ ਹੈ ਪੈਸਾ ਹੈ,ਮਕਾਨ ਹਨ, ਇਸਤਰੀ ਬੱਚੇ ਹਨ ਤੇ ਹੋਰ ਹਰ ਤਰ੍ਹਾ ਦੀਆਂ ਸਹੂਲਤਾਂ ਪ੍ਰਾਪਤ ਹਨ, ਲੋਕ ਮੇਰੇ ਅੱਗੇ ਪਿੱਛੇ ਫਿਰਦੇ ਹਨ, ਮੇਰੀਆਂ ਬੜੀਆਂ ਬਾਹਾ ਹਨ ਮੇਰੀ ਬੜੀ ਸੋਭਾ ਤੇ ਇੱਜ਼ਤ ਹੈ ਤੇ ਮੈਨੂੰ ਤਾਂ ਕਿਸੇ ਚੀਜ਼ ਦੀ ਲੋੜ ਹੀ ਨਹੀਂ। ਮੰਗਣ ਤੇ ਮੁਰਾਦਾਂ ਦੀ ਪੂਰਤੀ ਲਈ ਹੀ ਤੁਸੀ ਲੋਕ ਜਾਂਦੇ ਹੋ। ਇਸ ਪਰ ਉਸ ਸਿਆਣੇ ਸਿੱਖ ਨੇ ਕਿਹਾ ਕਿ ਤੁਹਾਡੀ ਸੋਚਣੀ ਵਿਚ ਕੁਝ ਅੰਤਰ ਹੈ ਕਿਉਕਿ ਸੰਗਤ ਵਿਚ ਕੁਝ ਮੰਗਣ ਲਈ ਨਹੀ ਜਾਈਦਾ ਸਗੋ ਜੋ ਕੁਝ ਮਿਲ ਗਿਆ ਹੈ ਉਸ ਦਾ ਸ਼ੁਕਰੀਆਂ ਅਦਾ ਕਰਨ ਲਈ ਜਾਈਦਾ ਹੈ ਭਾਵ ਹੇ ਪ੍ਰਮਾਤਮਾ ਇਹ ਜੋ ਆਪ ਜੀ ਨੇ ਚੰਗਾ ਸਰੀਰ ਅਰੋਗਤਾ ਬਾਲ ਬੱਚੇ ਤੇ ਹੋਰ ਸਭ ਪਦਾਰਥ ਬਖ਼ਸ਼ੇ ਹਨ ਆਪ ਜੀ ਦਾ ਇਨ੍ਹਾਂ ਲਈ ਧੰਨਵਾਦ ਸੋ ਮੰਗਣ ਲਈ ਨਹੀਂ ਕਿਸੇ ਹੋਰ ਮਨੋਰਥ ਲਈ ਗੁਰੂ ਜੀ ਦੀ ਸੰਗਤ ਵਿਚ ਜਾਈਦਾ ਹੈ, ਇਸ ਪਰ ਸੇਠ ਨੇ ਕਿਹਾ ਆਖਰ ਤੁਸੀ ਕਹਿਣਾ ਕੀ ਚਾਹੁੰਦੇ ਹੋ। ਸਿੱਖ ਨੇ ਕਿਹਾ ਕਿ ਮੈ ਸਿਰਫ ਇਹ ਹੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਕ ਦਿਨ ਤੁਸੀ ਮੇਰੇ ਨਾਲ ਸੰਗਤ ਵਿਚ ਚਲੋ।

ਗੁਰਸਿਖ ਦੇ ਬੇਨਤੀ ਕਰਨ ਤੇ ਸੇਠ ਨੇ ਕਿਹਾ ਕਿ ਤੁਸੀ ਮੇਰੇ ਗੁਆਂਢੀ ਹੋ, ਇਸ ਕਰਕੇ ਮੈ ਤੁਹਾਡਾ ਕਿਹਾ ਮੋੜ ਨਹੀਂ ਸਕਦਾ। ਪਰ ਮੇਰੇ ਕੋਲ ਬਹੁਤ ਸਮਾਂ ਨਹੀ ਹੈ ਮੈ ਸਿਰਫ ਇਕ ਦਿਨ ਤੇ ਉਹ ਵੀ ਸਿਰਫ ਅੱਧੇ ਘੰਟੇ ਲਈ ਜਾਵਾਂਗਾ। ਤੇ ਜਦ ਮੇਰਾ ਦਿਲ ਕੀਤਾ ਮੈਂ ਉਠ ਕੇ ਆ ਜਾਵਾਂਗਾ। ਸਿੱਖ ਬੜਾ ਖੁਸ਼ ਹੋਇਆ ਤੇ ਉਸ ਨੇ ਸੇਠ ਨੂੰ ਕਿਹਾ ਕਿ ਠੀਕ ਹੈ ਜਿਵੇਂ ਤੁਸੀਂ ਚਾਹੁੰਦੇ ਹੋ। ਸੇਠ ਨੇ ਕਿਹਾ ਕਿ ਕੱਲ੍ਹ ਸਵੇਰੇ ਮੈਨੂੰ ਨਾਲ ਲੈ ਚਲਿਓ। ਦੂਸਰੇ ਦਿਨ ਸਵੇਰੇ ਹੀ ਦੋਨੋਂ ਗੁਰੂ ਸੰਗਤ ਵਿਚ ਚਲੇ ਗਏ। ਗੁਰੂ ਸਾਹਿਬ ਸਿੰਘਾਸਣ ਤੇ ਬੈਠੇ ਸਨ ਤੇ ਭਾਈ ਗੁਰਦਾਸ ਜੀ ਸ਼ਬਦ ਦੀ ਕਥਾ ਕਰ ਰਹੇ ਸਨ। ਉਨ੍ਹਾਂ ਨੇ ਗੁਰੂ ਸਾਹਿਬ ਨੂੰ ਨਮਸਕਾਰ ਕੀਤੀ ਤੇ ਸੰਗਤ ਵਿਚ ਬੈਠ ਗਏ। ਭਾਈ ਸਾਹਿਬ ਜੀ ਸ਼ਬਦ

"ਬਿਰਖੈ ਹੇਠਿ, ਸਭਿ ਜੰਤ ਇਕਠੇ।। ਇਕਿ ਤਤੇ ਇਕਿ ਬੋਲਨਿ ਮਿਠੇ।।
ਅਸਤੁ ਉਦੋਤੁ ਭਇਆ ਉਠਿ ਚਲੇ ਜਿਉ ਜਿਉ ਅਉਧ ਵਿਹਾਣੀਆ।।–।।"

ਦੀ ਕਥਾ ਮਿਸਾਲਾਂ ਸਮੇਤ ਐਸੀ ਪ੍ਰਭਾਵਸ਼ਾਲੀ ਕਰ ਰਹੇ ਸਨ ਕਿ ਸੇਠ ਨੂੰ ਭੁਲ ਹੀ ਗਿਆ ਕਿ ਕਿੰਨਾ ਸਮਾਂ ਬੀਤ ਗਿਆ। ਕਥਾ ਤੇ ਅਰਦਾਸ ਦੀ ਸਮਾਪਤੀ ਤੋਂ ਬਾਅਦ ਦੋਨੋਂ ਘਰਾਂ ਨੂੰ ਮੁੜ ਪਏ।ਰਾਹ ਵਿਚ ਸੇਠ ਨੇ ਸਿੱਖ ਦਾ ਬਹੁਤ ਧੰਨਵਾਦ ਕੀਤਾ ਤੇਕਿਹਾ ਕਿ ਦੁਨੀਆਂ ਦੇ ਪਦਾਰਥ ਤਾਂ ਸਾਰੇ ਚੱਖੇ ਹਨ ਪਰ ਜੋ ਰਸ ਅਜ ਇਥੇ ਸੰਗਤ ਵਿਚ ਆ ਕੇ ਕਥਾ ਸੁਣ ਕੇ ਤੇ ਅਸਲੀਅਤ ਨੂੰ ਜਾਣ ਕੇ ਆਇਆ ਹੈ,


www.AKJ.Org

ਇਸ ਰਸ ਦੇ ਬਰਾਬਰ ਕੋਈ ਹੋਰ ਰਸ ਨਹੀਂ ਹੈ। ਹੈ ਵੀ ਠੀਕ ਮਨ ਦਾ ਟਿਕ ਜਾਣਾ ਤੇ ਉਸ ਰਾਹੀਂ ਮਨ ਨੂੰ ਜੋ ਰਸ ਆਉਂਦਾ ਉਹ ਸਭ ਪਦਾਰਥਾਂ ਤੋਂ ਉੱਤਮ ਹੈ। ਸੋ ਉਸ ਨੇ ਗੁਰਸਿੱਖ ਨੂੰ ਕਿਹਾ ਕਿ ਮੈਂ ਤਾਂ ਭੁਲਿਆ ਹੀ ਰਿਹਾ ਅਸਲੀ ਰਸ ਤਾਂ ਅੱਜ ਹੀ ਪ੍ਰਾਪਤ ਹੋਇਆ ਹੈ ਤਾਂ ਗੁਰਸਿੱਖ ਨੇ ਕਿਹਾ ਬੱਸ ਠੀਕ ਹੈ ਮੈ ਤੁਹਾਨੂੰ ਇਕ ਦਿਨ ਲਿਜਾਣਾ ਸੀ ਸੋ ਤੁਹਾਡਾ ਧੰਨਵਾਦ ਕਿ ਤੁਸੀ ਚਲੇ ਗਏ ਤੇ ਗੱਲ ਖ਼ਤਮ। ਇਸ ਤੇ ਸੇਠ ਨੇ ਕਿਹਾ, ਨਹੀਂ ਗੱਲ ਖ਼ਤਮ ਨਹੀਂ ਹੁਣ ਤਾਂ ਸ਼ੁਰੂ ਹੋਈ ਹੈ। ਹੁਣ ਤੁਸੀਂ ਮੈਨੂੰ ਰੋਜ਼ ਸੰਗਤ ਵਿਚ ਲੈ ਜਾਇਆ ਕਰੋ। ਇਸ ਤਰ੍ਹਾਂ ਨਿਤਨੇਮ ਨਾਲ ਉਹ ਰੋਜ਼ ਸੰਗਤ ਵਿਚ ਜਾਣ ਲੱਗ ਪਿਆ ਤੇ ਹਾਲਤ ਐਸੀ ਹੋ ਗਈ ਕਿ ਕਈ ਵਾਰ ਲਿਜਾਣ ਵਾਲਾ ਤਾਂ ਲੇਟ ਹੋ ਜਾਂਦਾ ਪਰ ਉਹ ਸਮੇਂ ਸਿਰ ਜਾਣ ਲਈ ਉਸ ਦੇ ਘਰ ਪੁੱਜ ਜਾਂਦਾ। ਇਸ ਤਰ੍ਹਾਂ ਸੰਗਤ ਵਿਚ ਜਾਂਦੇ ਨੂੰ ਉਸ ਨੂੰ ਲਗਭਗ ਦੋ ਸਾਲ ਹੋ ਗਏ। ਗੁਰੂ ਸਾਹਿਬ ਨ ਵੀ ਉਸ ਦੀ ਪ੍ਰੀਖਿਆ ਲੈਣੀ ਚਾਹੀ।

ਗੁਰੂ ਸਾਹਿਬ ਨੇ ਸੇਠ ਨੂੰ ਆਪਣੇ ਕੋਲ ਸੱਦ ਕੇ ਆਖਿਆ ਕਿ ਤੁਹਾਡੇ ਬਾਰੇ ਪਤਾ ਲੱਗਾ ਹੈ ਕਿ ਤੁਸੀ ਲੱਖਾਂਪਤੀ ਹੋ ਤੇ ਸਾਡੇ ਬੜੇ ਕਾਰਜ ਆਰੰਭ ਕੀਤੇ ਹੋਏ ਹਨ, ਇਨ੍ਹਾਂ ਵਾਸਤੇ ਪੈਸਾ ਚਾਹੀਦਾ ਹੈ। ਤੁਸੀਂ ਕਿੰਨੀ ਕੁ ਪੂੰਜੀ ਦੇ ਮਾਲਕ ਹੋ? ਉਸ ਨੇ ਕਿਹਾ ਕਿ ਜੇ ਸੱਚ ਪੁੱਛਦੇ ਹੋ ਤਾਂ ਮੇਰੇ ਕੋਲ ਸਿਰਫ ਪੰਜ ਹਜ਼ਾਰ ਰੁਪਇਆ ਹੈ। ਗੁਰੂ ਜੀ ਨੇ ਕਿਹਾ ਕਿ ਤੁਸੀਂ ਕੀ ਠੀਕ ਦੱਸ ਰਹੇ ਹੋ? ਤੇ ਕੋਲੋਂ ਸਿੱਖਾਂ ਨੇ ਕਿਹਾ ਕਿ ਇਸ ਨੂੰ ਇਥੋਂ ਕੁਝ ਸਿੱਖਣਾ ਚਾਹੀਦਾ ਸੀ। ਇਸ ਨੇ ਤਾਂ ਝੂਠ ਬੋਲਣ ਦੀ ਕਮਾਲ ਹੀ ਕਰ ਦਿੱਤੀ ਹੈ।ਇਸ ਨੂੰ ਤਾਂ ਕੋਈ ਡੰਨ ਲਗਣਾ ਚਾਹੀਦਾ ਹੈ। ਸੋ ਗੁਰੂ ਜੀ ਨੇ ਸੇਠ ਨੂੰ ਕਿਹਾ ਕਿ ਤੁਹਾਡੀ ਗੱਲ ਸ਼ੱਕੀ ਹੋ ਗਈ ਹੈ ਇਸ ਵਿਚ ਅਸਲੀਅਤ ਕੀ ਹੈ?ਤਾਂ ਉਸ ਨੇ ਕਿਹਾ ਸੱਚੇ ਪਾਤਸ਼ਾਹ ਜਿਸ ਦਿਨ ਤੋਂ ਤੁਹਾਡੀ ਸੰਗਤ ਵਿਚ ਆਇਆ ਸੀ ਤੇ ਆਪ ਜੀ ਦੀ ਧੁਰ ਕੀ ਬਾਣੀ ਦੀ ਵਿਆਖਿਆ ਭਾਈ ਸਾਹਿਬ ਭਾਈ ਗੁਰਦਾਸ ਜੀ ਪਾਸੋਂ ਸੁਣੀ ਉਸ ਦਿਨ ਤੋਂ ਮੈਨੂੰ ਪਤਾ ਲੱਗ ਗਿਆ ਸੀ ਕਿ ਇਕ ਤਾਂ ਗਲਤ ਤਰੀਕੇ ਨਾਲ ਪੈਸਾ ਕਮਾਉਣਾ ਪਾਪ ਹੈ ਤੇ ਦੂਸਰੇ ਇਹ ਨਾਲ ਨਹੀਂ ਜਾਣਾ ਤੇ ਜਦ ਇਜ਼ਰਾਇਲ (ਧਰਮ ਰਾਇ) ਦੇ ਦਰ ਲੇਖਾ ਹੋਣਾ ਤਾਂ ਉਥੇ ਇਨ੍ਹਾਂ ਕਰਮਾਂ ਦੀ ਸਜ਼ਾ ਹੀ ਸਜ਼ਾ ਮਿਲਣੀ ਹੈ। ਸੋ ਦੋ ਸਾਲ ਤੋਂ ਪਹਿਲਾਂ ਦਾ ਜੋ ਪੈਸਾ ਹੈ, ਭਾਵੇ ਉਹ ਕਿੰਨਾ ਵੀ ਹੋਵੇ ਉਹ ਮੇਰੀ ਕਮਾਈ ਨਹੀ। ਇਨ੍ਹਾਂ ਦੋ ਸਾਲਾਂ ਵਿਚ ਜੋ ਆਪ ਜੀ ਦੀ ਸਿਖਿਆ ਅਨੁਸਾਰ ਕਮਾਈ ਕੀਤੀ ਹੈ। ਉਹ ਪੰਜ ਹਜ਼ਾਰ ਦੀ ਬਣਦੀ ਹੈ।ਇਸ ਤੇ ਗੁਰੂ ਸਾਹਿਬ ਸੇਠ ਤੇ ਬੜੇ ਖੁਸ਼ ਹੋਏ। ਪਰ ਗੁਰੂ ਜੀ ਹਾਲੇ ਉਸ ਦੀ ਹੋਰ ਪ੍ਰੀਖਿਆ ਲੈਣੀ ਚਾਹੁੰਦੇ ਸਨ।

ਇਥੇ ਇਹ ਜਾਨਣਾ ਜ਼ਰੂਰੀ ਹੈ ਕਿ ਪ੍ਰੀਖਿਆ ਇਕ ਤਾਂ ਇਸ ਲਈ ਹੁੰਦੀ ਹੈ ਕਿ ਪਤਾ ਲੱਗ ਸਕੇ ਕਿ ਜੋ ਬੱਚੇ ਨੇ ਪੜ੍ਹਿਆ ਹੈ,ਸਿੱਖਿਆ ਹੈ ਉਸ ਬਾਰੇ ਕਿਥੇ ਕੁ ਖੜ੍ਹਾ ਹੈ ਜਾਂ ਹੋਰ ਕੰਮਾਂ ਲਈ ਪ੍ਰੀਖਿਆ ਦਸਦੀ ਹੈ ਕਿ ਫਲਾਣਾ ਬੰਦਾ ਫਲਾਣਾ ਕੰਮ ਵਾਸਤੇ ਯੋਗ ਹੈ ਜਾਂ ਨਹੀ। ਦੂਸਰੇ ਇਹ ਪਤਾ ਲੱਗਦਾ ਹੈ ਕਿ ਕਿਸੇ ਪੜ੍ਹਾਈ ਜਾਂ ਸਿਖਿਆ ਵਿਚ ਕੋਈ ਦਿਲਚਸਪੀ ਵੀ ਦਿਖਾਈ ਹੈ ਜਾਂ ਸਮਾਂ ਹੀ ਖ਼ਰਾਬ ਕੀਤਾ ਹੈ। ਸੋ ਬੱਚਿਆਂ ਦੇ ਇਮਤਿਹਾਨ(ਪ੍ਰੀਖਿਆ) ਵਾਂਗ ਹਰ ਮਹਿਕਮੇ ਵਿਚ ਪ੍ਰੀਖਿਆ ਹੁੰਦੀ ਹੈ ਤੇ ਯੋਗ ਬੰਦੇ ਹੀ ਰੱਖੇ ਜਾਂਦੇ ਹਨ। ਪਰ ਇਕ ਪੇਸ਼ਾ ਜਾਂ ਮਹਿਕਮਾ ਸਿੱਧਾਂ ਜੋਗੀਆਂ ਦੇ ਜ਼ਮਾਨੇ ਤੋਂ ਐਸਾ ਹੈ। ਜਿਸ ਦੀ ਕੋਈ ਪ੍ਰੀਖਿਆ ਨਹੀ ਜਿਸ ਲਈ ਕੋਈ ਪਰਚਾ ਨਹੀ ਪਾਇਆ ਜਾਂਦਾ। ਉਹ ਹੈ ਸੰਤ ਬਣਨਾ। ਸਿਧ ਜੋਗੀ ਵੀ ਇਸ ਤਰ੍ਹਾਂ ਹੀ ਬਿਨਾਂ ਪਰਚੇ ਤੋਂ ਜਾਂ ਪ੍ਰੀਖਿਆ ਤੋਂ ਸਾਧੂ ਜਨ ਬਣੇ ਫਿਰਦੇ ਸਨ। ਹੁਣ ਕੁਝ ਚਿਰਾਂ ਤੋਂ ਸਿੱਖੀ ਵਿਚ ਆਲੇ ਦੁਆਲੇ ਦੀ ਨੱਕਲ ਕਰਕੇ ਸੰਤ ਪੁਣਾ ਸ਼ੁਰੂ ਹੋ ਗਿਆ ਹੈ। ਅਵੱਲ ਤਾਂ ਸਿੱਖੀ ਵਿਚ ਸੰਤ ਪਦਵੀ ਹੈ ਹੀ ਨਹੀ ਸੰਤ ਸਿਰਫ ਗੁਰੂ ਸਾਹਿਬਾਨ ਤੇ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਹੀ ਵਰਤਿਆ ਗਿਆ ਹੈ ਪਰ ਜੇ ਕੋਈ ਸਿੱਖ ਉਚ ਅਵਸਥਾ ਨੂੰ ਪ੍ਰਾਪਤ ਹੁੰਦਾ ਹੈ ਤਾਂ ਉਹ ਗੁਰਮੁਖ ਬਣ ਜਾਂਦਾ ਹੈ, ਜਿਵੇਂ ਭਾਈ ਲਾਲੋ, ਭਾਈ ਗੁਰਦਾਸ, ਭਾਈ ਮਨੀ ਸਿੰਘ, ਬਾਬਾ ਬੰਦਾ ਸਿੰਘ ਬਹਾਦਰ, ਬਾਬਾ ਦੀਪ ਸਿੰਘ ਤੇ ਹੋਰ ਐਸੇ ਅਨੇਕਾਂ ਗੁਰਮੁਖ ਸਿੱਖ ਹੋਏ ਹਨ ਤੇ ਉਹ ਸਾਰੇ ਪ੍ਰੀਖਿਆ ਵਿਚੋਂ ਪਾਸ ਹੋਏ ਸਨ, ਤੇ ਜੇ ਕਿਸੇ ਨੇ ਐਸਾ


www.AKJ.Org

ਗੁਰਮੁਖ ਸਿੱਖ ਬਣਨਾ ਹੋਵੇ ਤਾਂ ਐਸੀ ਹੀ ਪ੍ਰੀਖਿਆ ਸਖਤ ਹੋਣੀ ਚਾਹੀਦੀ ਹੈ।ਪਰ ਇਹ ਇਕ ਐਸਾ ਪੇਸ਼ਾ ਅੱਜ ਦੇ ਜਮਾਨੇ ਵਿਚ ਬਣ ਗਿਆ ਹੈ ਕਿ ਕੁਝ ਬਾਣੀ ਦੀਆਂ ਤੁਕਾਂ ਤੇ ਕੁਝ ਉਨ੍ਹਾਂ ਨਾਲ ਮਿਲਦੀਆਂ ਤੁਕਾਂ ਆਪ ਘੜ ਕੇ ਕੁਝ ਕੁ ਬੋਲਣ ਦਾ ਢੰਗ ਸਿਖ ਕੇ ਗੋਲ ਮੋਲ ਪੱਗ ਬੰਨ੍ਹ ਲਓ ਤੇ ਲੰਬਾ ਚੋਲਾ ਪਾ ਲਉ ਤੇ ਕੁਝ ਕੁ ਚੇਲੇ ਸੰਤ ਜੀ ਦੀ ਮਸ਼ਹੂਰੀ ਕਰਨ ਲਈ ਨਾਲ ਲੈ ਲਉ ਸੰਤ ਬਣ ਗਏ। ਸੱਚੇ ਸੌਦੇ ਵਾਲੇ ਸਾਧੂ ਜਨ ਤਾਂ ਕਈ ਤਰ੍ਹਾਂ ਦੇ ਤਪ ਜੋਗ ਆਦਿ ਦੀ ਸਾਧਨਾ ਸਾਧ ਕੇ ਘੱਟੋ ਘੱਟ ਆਪਣੇ ਸਰੀਰ ਦੀ ਕਸਰਤ ਆਦਿ ਤਾਂ ਕਰ ਲੈਂਦੇ ਸਨ ਤੇ ਪ੍ਰਮਾਤਮਾ ਨੂੰ ਰੀਝਾਉਣ ਦਾ ਵੀ ਇਨ੍ਹਾਂ ਸਾਧਨਾਂ ਵਿਚ ਕੁਝ ਅੰਸ਼ ਸੀ। ਪਰ ਅਜੋਕੇ ਕੁਝ ਕੁ ਗੁਰਮੁਖਾਂ ਨੂੰ ਛੱਡ ਕੇ ਖੁੰਬਾਂ ਵਾਂਗ ਪੈਦਾ ਹੋਏ ਤੇ ਹੋ ਰਹੇ ਅਖਾਉਤੀ ਸੰਤ ਤਾਂ ਰੋਟੀਆ ਕਾਰਨ ਪੂਰੇ ਤਾਲ ਵਾਲੀ ਗੱਲ ਤੋਂ ਉਤਾਂਹ ਕਿਸੇ ਪੱਖੋਂ ਵੀ ਨਹੀ। ਬੱਸ ਆਰਥਕ ਪੱਖੋਂ ਜਾ ਅਮੀਰ ਹੋ ਰਹੇ ਸਿੱਖ ਦੀ ਜੇਬ ਵਲ ਖਿਆਲ ਹੈ ਤੇ ਜਾ ਸਿੱਖਾਂ ਵਿਚ ਅਸਿੱਖੀ ਕਿਵੇਂ ਘਸੋੜੀ ਜਾਵੇ ਤੇ ਕੇਂਦਰ ਨਾਲੋਂ ਭਾਵ ਸ੍ਰੀ ਅਕਾਲ ਤਖਤ ਨਾਲੋਂ ਤੋੜ ਕੇ ਆਪਣੇ ਨਾਲ ਕਿਵੇਂ ਜੋੜਿਆ ਜਾਵੇ। ਇਸ ਤੋਂ ਵੱਧ ਇਨ੍ਹਾਂ ਵਲੋਂ ਸਿੱਖੀ ਲਈ ਕੁਝ ਕਰਨ ਲਈ ਤੇ ਗੁਰੂ ਜੀ ਦੇ ਦਰ ਤੇ ਸੁਰਖੁਰੂ ਹੋ ਕੇ ਜਾਣ ਲਈ ਸੁਪਨੇ ਵਿਚ ਵੀ ਸੋਚਣ ਦਾ ਵਿਚਾਰ ਨਹੀ। ਸੱਚਾ ਸੌਦਾ ਤਾਂ ਇਨ੍ਹਾਂ ਤੋਂ ਬਹੁਤ ਕੁਝ ਕੀਤਾ ਜਾਣਾ ਲੋੜਦਾ ਹੈ ਪਰ ਉਹ ਇਨ੍ਹਾਂ ਨੇ ਭੁਲਾ ਰਖਿਆ ਹੈ ਤੇ ਗੁਰੂ ਦਰ ਤੇ ਹੀ ਜਵਾਬ ਦੇਣ ਲਈ ਤਿਆਰ ਰਹਿਣਾ ਚਾਹੀਦਾ ਹੈ। ਅਸਲ ਵਿਚ ਇਸ ਜਵਾਬਦੇਹੀ ਤੋਂ ਬਚਣ ਲਈ ਇਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਵਲੋਂ ਸੱਚੇ ਸੌਦੇ ਵਾਲੇ ਸਾਧੂ ਜਨਾਂ ਨੂੰ ਦਿੱਤੇ ਸਬਕ ਨੂੰ ਯਾਦ ਕਰਕੇ ਉਸ ਇਮਤਿਹਾਨ ਵਿਚੋਂ ਪਾਸ ਹੋਣ ਦਾ ਹੰਭਲਾ ਮਾਰਨਾ ਚਾਹੀਦਾ ਹੈ ਤੇ ਅੰਨ੍ਹੇਵਾਹ ਐਸੇ ਸਾਧੂਆਂ ਦੇ ਮਗਰ ਲੱਗਣ ਵਾਲੇ ਆਮ ਭੋਲੇ ਭਾਲੇ ਸਿੱਖਾਂ ਨੂੰ ਵੀ ਇਨ੍ਹਾਂ ਦੇ ਮਗਰ ਲੱਗਣ ਤੋਂ ਪਹਿਲਾਂ 'ਇਹ ਦੇਖ ਲੈਣਾ ਚਾਹੀਦਾ ਹੈ ਕਿ ਇਹ ਗੁਰੂ ਜੀ ਦੇ ਸਬਕ ਤੇ ਕਿੰਨਾ ਕੁ ਪਹਿਰਾ ਦੇ ਰਹੇ ਹਨ।ਅਸਲ ਵਿਚ ਆਮ ਕੀ ਸਭ ਸਿੱਖਾਂ ਨੂੰ ਕਿਸੇ ਵਿਅਕਤੀ ਭਾਵੇਂ ਉਹ ਕਿੰਨੀ ਵੀ ਉੱਚੀ ਅਵਸਥਾ ਵਾਲਾ ਕਿਉਂ ਨਾਂ ਹੋਵੇ ਨਾਲ ਜੁੜਨ ਦੀ ਥਾਂ ਜੁਗੋ ਜੁਗ ਅਟੱਲ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਹੀ ਜੁੜਨਾ ਚਾਹੀਦਾ ਹੈ. ਜਿਸ ਨਾਲ ਕਿ ਦੇਹ ਰੂਪ ਵਿਚ ਹੁੰਦੇ ਹੋਏ ਗੁਰੂ ਸਾਹਿਬਾਨ ਆਪ ਵੀ ਜੁੜੇ ਹੋਏ ਸਨ। ਪਰ ਇਨ੍ਹਾਂ ਭੱਦਰ ਪੁਰਸ਼ਾਂ ਨੇ ਬਹੁਗਿਣਤੀ ਸਿੱਖਾਂ ਨੂੰ ਆਪਣੇ ਨਾਲ ਜੋੜ ਕੇ ਸਿੱਖ ਪੰਥ ਨੂੰ ਸੰਪਰਦਾਇਕ ਨਾ ਹੁੰਦੇ ਹੋਏ ਨੂੰ ਵੀ ਸੰਪਰਦਾਇਕ ਬਣਾ ਕੇ ਰੱਖ ਦਿੱਤਾ ਹੈ ਅਤੇ ਡੇਰੇਦਾਰਾਂ ਦੀ ਨਿਗਰਾਨੀ ਹੇਠ ਕਈ ਡੇਰੇ ਬਣ ਗਏ ਹਨ। ਇਕ ਡੇਰੇਦਾਰ ਦੀ ਮੌਤ ਤੋਂ ਮਗਰੋਂ ਗੁਰੂ ਦੀ ਚੋਣ ਵਾਂਗ ਦੂਸਰਾ ਡੇਰੇ ਦਾ ਮੁਖੀਆ ਚੁਣਿਆ ਜਾਂਦਾ ਹੈ। ਇਨ੍ਹਾਂ ਹੱਥੀਂ ਕੰਮ ਨਾ ਕਰਨ ਵਾਲੇ ਤੇ ਹੋਰਨਾਂ ਦੇ ਮੋਢਿਆ ਦਾ ਭਾਰ ਬਣਨ ਤੇ ਹੋਰਨਾ ਤੋਂ ਆਪਣੀ ਸੇਵਾ ਕਰਾਉਣ ਵਾਲਿਆਂ ਨੂੰ ਗੁਰੂ ਜੀ ਦੀ ਸਿੱਖਿਆ, "ਘਾਲ ਖਾਇ ਕਿਛੁ ਹਥਹੁ ਦੇਇ।" ਨੂੰ ਮੁਖ ਰੱਖ ਕੇ ਡੇਰਿਆਂ ਆਦਿ ਦੀ ਥਾਂ ਘਰਾਂ ਨੂੰ ਪਰਤ ਆਉਣਾ ਚਾਹੀਦਾ ਹੈ ਤਾਂ ਕਿ ਪਿੰਡਾਂ ਵਿਚ ਵਸਦੀ ਨੌਜਵਾਨੀ ਜੋ ਧੜਾ ਧੜ ਪਤਿਤ ਹੋ ਰਹੀ ਹੈ ਤੇ ਸਿੱਖੀ ਤੋਂ ਦੂਰ ਜਾ ਰਹੀ ਹੈ, ਉਸ ਬਾਰੇ ਕੁਝ ਨਾ ਕੁਝ ਕਰ ਰਹੀਆਂ ਸੰਸਥਾਵਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਪੰਥ ਨੂੰ ਚੜਦੀ ਕਲਾ ਵਿਚ ਲਿਜਾਣ ਲਈ ਆਪਣੀ ਦਸਾਂ ਨੋਹਾਂ ਦੀ ਕਿਰਤ ਵਿਚੋਂ ਨਾ ਕਿ ਸੰਗਤਾਂ ਦੇ ਚੜ੍ਹਾਵੇ ਨੂੰ ਆਪਣਾ ਸਮਝ ਕੇ ਉਸ ਵਿਚੋਂ ਇਸ ਕਾਰਜ ਵਿਚ ਹਿੱਸਾ ਪਾ ਕੇ ਤੇ ਆਪਣੀ ਸੂਝ ਬੂਝ ਰਾਹੀਂ ਢੁਕਵੀਂ ਕਾਰਵਾਈ ਤੇ ਸੇਵਾ ਕੀਤੀ ਜਾ ਸਕੇ। ਸਿੱਖ ਪੰਥ ਦਾ ਇਕ ਹੀ ਡੇਰਾ ਹੈ ਤੇ ਹੋਣਾ ਚਾਹੀਦਾ ਹੈ ਜੋ ਕਿ ਸ੍ਰੀ ਅਕਾਲ ਤਖਤ ਸਾਹਿਬ ਹੈ। ਇਸ ਵੇਲੇ ਸ੍ਰੀ ਅਕਾਲ ਤਖਤ ਸਾਹਿਬ ਨਾਲ ਜੁੜ ਕੇ ਪੰਥ ਨੂੰ ਚੜ੍ਹਦੀ ਕਲਾ ਵਿਚ ਲਿਜਾਇਆ ਜਾ ਸਕਦਾ ਹੈ ਇਨ੍ਹਾਂ ਸਾਧੂ ਜਨਾਂ ਦਾ ਘਰ ਨੂੰ ਪਰਤ ਕੇ ਇਸ ਕੰਮ ਵਿਚ ਬੜਾ ਹਿੱਸਾ ਪੈ ਸਕਦਾ ਹੈ।ਇਸ ਵੇਲੇ ਹਰ ਉਸ ਸਿੱਖ ਦਾ ਸਿੱਖ ਪੰਥ ਨੂੰ ਚੜ੍ਹਦੀ ਕਲਾ ਵਿਚ ਲਿਜਾਣ ਦਾ ਬਹੁਤ ਬੜਾ ਹਿੱਸਾ ਹੋ ਸਕਦਾ ਹੈ ਜਿਸ ਦੇ ਮਨ ਵਿਚ ਸਿੱਖੀ ਲਈ ਕੁਝ ਵੀ ਦਰਦ ਹੈ। ਦਰਦ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਜਿਵੇ ਉਸ ਸੇਠ ਦੇ ਮਨ ਵਿਚ ਸਿਰਫ ਦੋ ਸਾਲ ਦੀ ਗੁਰੂ ਘਰ ਦੀ ਸੰਗਤ ਕਰਕੇ ਪੈਦਾ ਹੋਇਆ ਸੀ ਉਸੇ ਤਰ੍ਹਾਂ ਦਾ ਜੋ ਕਿ ਉਸ ਨੇ ਆਪਣੀ ਪ੍ਰੀਖਿਆ ਪਾਸ ਕਰਕੇ ਜ਼ਾਹਰ ਕੀਤਾ ਸੀ ਅਤੇ ਅੱਗੇ ਕਰੇਗਾ। (ਚਲਦਾ)



www.AKJ.Org

# ਧਰਮ ਨੀਤੀ ਤੇ ਰਾਜ ਨੀਤੀ

(ਗਿ: ਊਧਮ ਸਿੰਘ)

ਦੁਨੀਆ ਵਿਚ ਧਰਮ ਉਹ ਸ਼ਕਤੀ ਹੈ, ਜਿਸ ਨੇ ਸਾਰੇ ਸੰਸਾਰ ਨੂੰ ਥੰਮ੍ਹਿਆ ਹੋਇਆ ਹੈ ਅਤੇ ਜੋ ਮਨੁੱਖੀ ਆਤਮਾਵਾਂ ਦਾ ਧੁਰਾ ਤੇ ਜੀਵਣ ਆਧਾਰ ਹੈ।

ਗੁਰੂ ਨਾਨਕ ਸਾਹਿਬ ਦੇ ਸਾਜੇ ਸਿੱਖ ਪੰਥ ਦਾ ਆਧਾਰ ਧਰਮ ਹੀ ਹੈ।ਗੁਰੂ ਕਲਗੀ ਧਰ ਦਾ ਫੁਰਮਾਨ ਹੈ,ਤਿਨ ਇਹ ਕਲ ਮੋ ਧਰਮ ਚਲਾਇਓ।

ਇਸ ਬਾਰੇ ਦਸਮ ਪਾਤਸ਼ਾਹ ਜੀ ਨੇ ਅਪਨਾ ਮੰਤਵ ਵੀ ਇਹੀ ਦਸਿਆ ਹੈ ਕੇ "ਹਮ ਇਹ ਕਾਜ ਜਗਤ ਮੋ ਆਇ, ਧਰਮ ਹੇਤ ਗੁਰ ਦੇਵ ਪਠਾਇ।"

ਕੋਈ ਭਾਵੇ ਬਿਹੰਗਮ ਹੋਵੇ, ਸਾਧ ਹੋਵੈ ਜਾ ਗ੍ਰਿਸਤੀ ਹੋਵੇ, ਇਨ੍ਹਾਂ ਸਾਰਿਆਂ ਦੇ ਜੀਵਣ ਦਾ ਧੁਰਾ ਧਰਮ ਹੈ, ਜਿਸ ਤੋਂ ਬਿਨਾਂ ਸਭ ਦਾ ਜੀਵਣ ਬਿਰਥਾ ਹੈ।

ਹਰ ਗੁਰੂ ਦਾ ਸਿੱਖ ਪਹਿਲਾਂ ਸਿੱਖ ਹੈ ਅਤੇ ਫਿਰ ਦੇਸ਼ ਭਗਤ ਕਿਉਂ ਕੇ ਦੇਸ਼ ਅਤੇ ਸਰਬਤ ਦੇ ਭਲੇ ਦੀ ਮਤਿ ਵੀ ਸਿੱਖ ਧਰਮ ਤੋਂ ਹੀ ਮਿਲਦੀ ਹੈ।

ਧਰਮ ਸੰਸਾਰ ਰੂਪੀ ਬਿਰਛ ਦੀ ਜੜ੍ਹ ਹੈ ਅਤੇ ਸਿਆਸਤ ਡਾਲ੍ਹੀਆ ਪੱਤੇ , ਜੇ ਬਿਰਛ ਦੀ ਜੜ੍ਹ ਸੁੱਕ ਜਾਵੇ ਤਾਂ ਡਾਲ੍ਹ ਪੱਤੇ ਹਰੇ ਨਹੀ ਰਹਿ ਸਕਦੇ।

ਧਰਮ ਨੂੰ ਸਿਆਸਤ ਦੇ ਨਾਲੋਂ ਅਲੱਗ ਕਰਨਾ ਇਉਂ ਹੈ ਜਿਵੇ ਗੱਡੀ ਦੇ ਧੁਰੇ ਵਾਲੇ ਹਿੱਸੇ ਨੂੰ ਗੱਡੀ ਨਾਲੂੰ ਅਲੱਗ ਕਰਕੇ ਉਸ ਤੇ ਸ੍ਵਾਰੀ ਕੀਤੀ ਜਾਵੇ।

ਜਿਵੇ ਦੇਹ ਤਾਂ ਹੀ ਅਰੋਗ ਰਹਿ ਸਕਦੀ ਹੈ ਜੇ ਦਿੱਲ ਮਜ਼ਬੂਤ ਹੋਵੇ, ਇਸੇ ਤਰ੍ਹਾਂ ਸਿਆਸਤ ਵੀ ਤਾਂ ਹੀ ਸ੍ਵੱਛ ਰਹਿੰਦੀ ਹੈ ਜੇ ਧਰਮ ਮਜ਼ਬੂਤ ਹੋਵੇ।

ਜਿਸ ਧਰਮ ਵਿਚ ਸਿਆਸਤ ਦਾ ਮੁੱਖ ਚਿੰਨ੍ਹ ਸ਼ਸਤਰ ਸ਼ਾਂਮਲ ਨਹੀਂ ਉਸ ਧਰਮ ਦੀ ਮਾਲਾ ਤੇ ਪੋਥੀ ਵੀ ਕਦੇ ਸੁਰੱਖਯਤ ਨਹੀ ਰਹਿ ਸਕਦੀਆਂ।

ਜਦੂੰ ਰਾਜਸੀ ਸ਼ਕਤੀ ਪਾਪਾਂ ਕੁਕਰਮਾ ਦੀ ਢਾਲ ਬਨ ਜਾਵੇ ਓਦੂੰ ਧਰਮ ਸ਼ਕਤੀ ਅਪਨੀ ਕਲਾ ਦੁਆਰਾ ਸਭ ਕੁਝ ਚੱਕਨਾਚੂਰ ਕਰ ਦੇਂਦੀ ਹੈ।

ਕਿਸੇ ਵੀ ਰਾਜਸੀ ਆਗੂ ਦੀ ਹਾਰ ਜਿੱਤ ਉਸ ਦੀ ਸਮਦ੍ਰਿਸਟੀ, ਸੇਵਾ ਤੇ ਨਿਆਇ ਦੇ ਆਧਾਰ ਤੇ ਕੁਦਰਤ ਦੇ ਹੱਥ ਹੋਂਦੀ ਹੈ, ਉਸਦੇ ਅਪਨੇ ਹੱਥ ਨਹੀ।

ਕਿਸੇ ਵੀ ਮਨੁੱਖ ਨੂੰ ਹੰਕਾਰ ਦੇ ਹਵਾਈ ਘੋੜਿਆ ਤੇ ਸਵਾਰ ਨਹੀ ਹੋਣਾ ਚਾਹੀਦਾ, ਕਿਉ ਕੇ ਨੀਵਾਂਨ ਦੀ ਖਾਈ ਹਮੇਸ਼ਾ ਉਸ ਦੀ ਉਡੀਕ ਵਿਚ ਰਹਿੰਦੀ ਹੈ।

ਮਨੁੱਖ ਦੇ ਹੱਥ ਆਈ ਰਾਜਸੀ ਤਾਕਤ ਦੀ ਖੁਮਾਰੀ ਅਤੇ ਖੁਸ਼ੀ ਦੇ ਨਾਲੋਂ ਤਾਕਤ ਖੁਸ ਜਾਨ ਤੇ ਪਰੇਸ਼ਾਨੀ ਅਤੇ ਗਮੀ ਜ਼ਿਆਦਾ ਦੁਖਦਾਈ ਹੋਂਦੀ ਹੈ।

ਜੋ ਲੋਕ ਆਪਣੇ ਹਿਤਾਂ ਦੀ ਖਾਤਰ ਬੇਦੋਸ਼ੇ ਲੋਕਾਂ ਦਾ ਕੁਚਲਿਆ ਤੇ ਮਾਰਿਆ ਜਾਣਾ ਸਹਿ ਜਾਂਦੇ ਹਨ ਉਨ੍ਹਾਂ ਦੀ ਤਾਕਤ ਨੂੰ ਕੁਦਰਤ ਸਹਿਨ ਨਹੀਂ ਕਰਦੀ।

ਧਰਮ ਤੇ ਰਾਜਨੀਤੀ ਵਿਚ ਅੰਤਰ ਹੈ, ਕੇ ਧਰਮ ਬੇਦੋਸ਼ ਕੀੜੀ ਦਾ ਮਾਰਨਾ ਨਹੀ ਸਹਿੰਦਾ ਤੇ ਰਾਜਨੀਤੀ ਸੈਂਕੜੇ ਮਨੁੱਖਾਂ ਦੀ ਮੌਤ ਸਹਿ ਜਾਂਦੀ ਹੈ।

ਰੱਬ ਦਾ ਡਰ ਜੋ ਧਰਮੀ ਮਨੁੱਖ ਵਿਚ ਹੁੰਦਾ ਹੈ ਉਹ ਰਾਜਸੀ ਵਿਅਕਤੀ ਵਿਚ ਨਹੀਂ ਹੁੰਦਾ, ਭਾਵੇਂ ਉਹ ਕਿਤਨਾ ਨੇਕ ਅਖਵਾਣ ਦਾ ਯਤਨ ਕਰੇ।

ਜਿਸ ਰਾਜਨੀਤੀ ਦਾ ਧੁਰਾ ਧਰਮ ਨਾ ਰਹੇ ਅਤੇ ਜਿਸ ਦਾ ਦ੍ਰਿਸ਼ਟੀਕੋਣ ਸਮਾਨ ਨਾ ਹੋਵੇ, ਉਹ ਦੇਸ਼ ਵਾਸੀਆ ਦੀ ਸੁਚੱਜੀ ਸੇਵਾਂ ਨਹੀਂ ਕਰ ਸਕਦੀ।



www.AKJ.Org

ਜੋ ਇਨਸਾਫ ਅਤੇ ਸਾਂਝੀਵਾਲਤਾ ਦੀ ਭਾਵਨਾ ਇਕ ਧਰਮੀ ਸਿਆਸਤ ਦਾਨ ਵਿਚ ਹੋਂਦੀ ਹੈ ਉਹ ਆਂਮ ਸਿਆਸਤਦਾਨਾਂ ਦੇ ਵਿਚ ਨਹੀਂ ਪਾਈ ਜਾਂਦੀ।

ਜਿਨ੍ਹਾਂ ਮੁਲਕਾਂ ਤੇ ਕੌਮਾਂ ਵਿਚ ਧਰਮ ਨੂੰ ਰਾਜਨੀਤੀ ਦੇ ਅਧੀਨ ਰੱਖਿਆ ਗਿਆ ਹੈ, ਉਨ੍ਹਾਂ ਵਿਚ ਸ਼ਾਂਤੀ ਤੇ ਸਥਿਰਤਾ ਕਦੇ ਕਾਇਮ ਨਹੀਂ ਰਹਿ ਸਕਦੀ।

ਸਿੱਖ ਕੌਮ ਦੀ ਇਸ ਦੁਖਦਾਈ ਦਸ਼ਾ ਤੇ ਅਧੋਗਤੀ ਦਾ ਕਾਰਣ ਇਹੀ ਹੈ ਕੇ ਇਸ ਨੇ ਨਿੱਜੀ ਸੁਆਰਥਾ ਲਈ ਧਰਮ ਨੂੰ ਸਿਆਸਤ ਦੇ ਵਸ ਪਾ ਦਿੱਤਾ।

ਜਦ ਵੀ ਸਿੱਖ ਪੰਥ ਰਾਜਨੀਤੀ ਨੂੰ ਧਰਮ ਦੇ ਅਧੀਨ ਰੱਖ ਕੇ ਧਰਮ ਨੂੰ ਧੜਾ ਮੰਨ ਕੇ ਤੁਰੇਗਾ, ਇਸਦੇ ਸਾਰੇ ਮਸਲੇ ਸੁਤੇ ਹੀ ਹੱਲ ਹੋ ਜਾਣਗੇ।

ਰਾਜਨੀਤ੍ਹੀ ਦਾ ਭਾਵ ਹੈ ਰਾਜ ਪ੍ਰਬੰਧ ਦੀ ਪਾਲਸੀ ਇਹ ਜਿਤਨੀ ਧਰਮ ਨਿਆਇ ਅਤੇ ਸੱਚ ਤੇ ਆਧਾਰਤ ਹੋਵੇ ਉਤਨੀ ਹੀ ਸੁਖਦਾਇਕ ਹੁੰਦੀ ਹੈ।

ਸਿੱਖ ਪੰਥ ਵਿਚ ਧਰਮ ਅਤੇ ਸਿਆਸਤ ਇੱਕਠੇ ਜਰੂਰ ਹਨ ਪਰ ਧਰਮ ਮੁਖ ਹੈ,ਸਿਆਸਤ ਤਾਂ ਧਰਮ ਦੀ ਰਖਵਾਲੀ ਅਤੇ ਟਹਿਲਣ ਹੈ।

ਧਰਮ ਦੇ ਨਾ ਤੇ ਸਿਆਸਤ ਨੂੰ ਪ੍ਰਧਾਨਤਾ ਦੇਣੀ ਇਸ ਤਰ੍ਹਾਂ ਹੈ ਜਿਸ ਤਰ੍ਹਾਂ ਕੋਈ ਬਾਦਸ਼ਾਹ ਨੂੰ ਪਿੱਠ ਦੇ ਕੇ ਉਸਦੀ ਟਹਿਲਣ ਦੀ ਸ਼ੈਰਣ ਜਾ ਪਵੇ।

ਸਿੱਖ ਆਗੂ ਜਦ ਤਕ ਧਾਰਮਕ ਜੀਵਨ ਵਿਚ ਪ੍ਰਪੱਕ ਨਹੀਂ ਹੋ ਜਾਂਦੇ ਸਿਆਸੀ ਕਲਾਬਾਜ਼ੀ ਅਤੇ ਧੜੇ ਬੰਦੀ ਚੋਂ ਪੂਰੀ ਤਰ੍ਹਾਂ ਨਹੀਂ ਨਿਕਲ ਸਕਦੇ।

ਖਾਲਸਾ ਪੰਥ ਨੂੰ ਬਹੁਤ ਵੱਡੀ ਢਾਹ ਉਨ੍ਹਾਂ ਆਗੂਆਂ ਨੇ ਲਾਈ ਹੈ, ਜਿਨ੍ਹਾਂ ਨੇ ਅਪਨੇ ਸਵਾਰਥ ਲਈ ਧਰਮ ਦੇ ਨਾਲੋਂ ਸਿਆਸਤ ਨੂੰ ਅਹਿਮੀਅਤ ਦਿੱਤੀ ।

ਉਸ ਸਮੇਂ ਤੱਕ ਖਾਲਸਾ ਪੰਥ ਤੇ ਆਇ ਸੰਕਟ ਦੂਰ ਨਹੀਂ ਹੋ ਸਕਦੇ, ਜਦ ਤਕ ਧਰਮ ਦਾ ਧੁਰਾ ਸਿਆਸਤ ਹੈ, ਅਤੇ ਸਿਆਸਤ ਤੇ ਹਾਵੀ ਝੂਠ।

ਧਰਮ ਤੋਂ ਸੱਖਣੀ ਰਾਜਨੀਤੀ ਸਾਰੇ ਦੇਸ਼ ਦੇ ਲਈ ਹਾਨੀ ਕਾਰਕ ਹੈ, ਪਰ ਸਿਖ ਕੌਮ ਲਈ ਤਾਂ ਇਹ ਅਤਿਅੰਤ ਨੁਕਸਾਨ ਦੇਹ ਅਤੇ ਘਾਤਕ ਹੈ।

ਸਿੱਖ ਰਾਜਨੀਤੀ ਦਾ ਅਸੂਲ ਇਹ ਹੋਣਾ ਚਾਹੀਦਾ ਹੈ ਕਿ ਹਰ ਮੈਂਬਰ ਪੰਥ ਦੇ ਹੁਕਮ ਨਾਲ ਜਾਇ ਤੇ ਹੁਕਮ ਮੰਨ ਕੇ ਰਾਜਸੀ ਪਦਵੀ ਛੱਡ ਦੇਵੇ।

ਧਾਰਮਕ ਮਸਲਿਆਂ ਬਾਰੇ ਕਿਸੇ ਧਾਰਮਕ ਖੋਜੀ ਦੀ ਰਾਇ ਨੂੰ ਹੀ ਮਹਾਨਤਾ ਦੇਣੀ ਚਾਹੀਦੀ ਹੈ, ਕੇਵਲ ਸਿਆਸੀ ਜਾਂ ਮਾਇਆਧਾਰੀ ਦੀ ਰਾਇ ਨੂੰ ਨਹੀਂ।

ਧਰਮ ਅਤੇ ਗੁਰਮਤਿ ਦੇ ਸਿਧਾਂਤਾਂ ਬਾਰੇ ਉਹੀ ਮਨੁੱਖ ਯੋਗ ਰਾਇ ਦੇ ਸਕਦਾ ਹੈ ਜੋ ਗੁਰ ਬਾਣੀ ਦਾ ਖੋਜੀ ਅਤੇ ਸਿੱਖੀ ਸਿਦਕ ਦੇ ਵਿਚ ਪੱਕਾ ਹੋਵੇ।

ਧਰਮ ਨੂੰ ਸਿਆਸਤ ਤੋ ਵੱਖ ਰੱਖਣ ਦੀ ਚਰਚਾ ਦਾ ਕਾਰਣ ਇਹ ਹੈ ਕਿ ਧਰਮ ਦੀ ਆੜ ਵਿਚ ਸਿਆਸੀ ਲਾਭ ਲੈਣ ਵਾਲੇ ਸਿਰ ਚੁੱਕ ਰਹੇ ਹਨ।

ਧਰਮ ਦੇ ਮੋਢੀ ਕਿਸੇ ਵਿਅਕਤੀ ਨੂੰ ਧਰਮ ਪ੍ਰਚਾਰ ਦੀ ਸੇਵਾ ਛਡ ਕੇ ਸਿਆਸਤ ਦੀ ਜਿਲ੍ਹਣ ਦੇ ਵਿਚ ਨਹੀ ਪੈਣਾ ਚਾਹੀਦਾ ਜੋ ਧਰਮ ਦੀ ਦਾਸੀ ਹੈ।

ਰੱਬੀ ਰਹਿਮਤਾਂ ਨਾਲ ਭਰਪੂਰ ਤੇ ਸੁਖਦਾਈ ਰਾਜਨੀਤੀ ਉਹੀ ਹੈ ਜਿਥੇ ਧਰਮ ਕਾਇਮ ਹੈ ਤੇ ਜ਼ਾਤ ਪਾਤ ਦੇ ਵਿਤਕਰੇ ਦਾ ਨਾਮੋ ਨਿਸ਼ਾਨ ਨਹੀ।

ਕਰੀਬ ਦੋ ਸਦੀਆਂ ਤੋਂ ਸਿੱਖੀ ਦੇ ਵਿਚ ਜੋ ਉਲਝਣਾਂ ਅਤੇ ਗੰਢਾਂ ਪਈਆਂ ਹੋਈਆਂ ਹਨ ਕੌਮ ਦੇ ਇਕ ਮੁੱਠ ਹੋਇ ਬਿਨਾਂ ਕਦੇ ਨਹੀ ਖੁਲ੍ਹ ਸਕਦੀਆਂ।



www.AKJ.Org

# ਚਾਲੀ ਮੁਕਤੇ

(ਡਾ: ਜਸਵੰਤ ਸਿੰਘ ਨੇਕੀ)

ਧਰਮ ਪਰੰਪਰਾ ਵਿਚ 'ਮੁਕਤਾ' ਉਸ ਨੂੰ ਕਹਿੰਦੇ ਹਨ, ਜੋ ਅਸਤ੍ਰਿਤਵ ਪੂਰਕ ਬੰਧਨਾਂ ਤੋਂ ਆਜ਼ਾਦ ਹੋ ਗਿਆ ਹੋਵੇ। ਮਨੁੱਖੀ ਹੋਂਦ ਨਾਲ ਜੁੜੇ ਹੋਏ ਇਹ ਬੰਧਨ ਜਨਮ ਮਰਨਮੋਹ, ਮਾਇਆ ਦੇ ਦੁੱਖ ਸੁੱਖ ਅਦਿ ਦੇ ਬੰਧਨ ਹਨ। ਇਹਨਾ ਤੋਂ ਛੁਟਕਾਰੇ ਦਾ ਨਾਮ ਮੁਕਤੀ ਹੈ ਤੇ ਪ੍ਰਾਪਤਕਰਨ ਵਾਲੇ ਮੁਕਤੇ ਕਹਾਉਂਦੇ ਹਨ।

ਸਿੱਖ ਧਰਮ ਵਿਚ ਮੁਕਤੀਂ ਦਾ ਮੁਖ ਸਾਧਨ ਆਤਮ ਸਮਰਪਨ ਹੈ ਆਪਣੇ ਆਪੇ ਵਲੋਂ ਮਰ ਜਾਣ ਦਾ । ਇਹ ਆਤਮ ਸਮਰਪਨ ਵਾਹਿਗੁਰੂ ਦੀ ਯਾਦ ਵਿਚ ਰਹਿਣ ਦਾ ਸਤਿਗੁਰੂ ਦੇ ਬਚਨਾਂ ਤੋਂ ਵਾਰਨੇ ਜਾਣ ਦਾ ਆਪਣੇ ਅੰਦਰ ਪਿਆਰ ਤੇ ਨਿਮਰਤਾ ਵਸਾਉਣ ਵਾਲਾ ਧਰਮ ਦੀ ਖਾਤਰ ਆਪਾ ਵਾਰਨ ਵਾਲਾ ਜਾਂ ਫਿਰ ਆਪਣੀ ਬੇਮੁਖਤਾ ਤੋਂ ਪਛਤਾ ਕੇ ਮੁੜ ਸ਼ਰਨ ਆਉਣ ਵਾਲਾ ਕਿਸੇ ਵੀ ਪ੍ਰਕਾਰ ਦੀ ਆਤਮ ਸਮਰਪਨ ਹੋ ਸਕਦਾ ਹੈ। ਕਿਸੇ ਮੁਕਤੇ ਨੂੰ ਸੇਵ ਕੇ ਹੀ ਪ੍ਰਾਣੀ ਮੁਕਤ ਹੋ ਸਕਦਾ ਹੈ।

ਅਰਦਾਸ ਵਿਚ ਜਿਨਾਂ ਚਾਲੀ ਮੁਕਤਿਆਂ ਨੂੰ ਸ਼ਰਧਾਂਜਲੀ ਅਰਪਨ ਕੀਤੀ ਜਾਂਦੀ ਹੈ ਉਹ ਮੁਕਤੇ ਹਨ ਜੋ ਆਤਮ ਸਮਰਪਨ ਦੀਆਂ ਸਿਖਰਾਂ ਨੂੰ ਛੂੰਹਦਿਆਂ ਮੁਕਤੀ ਦਾਤੇ ਸਤਿਗੁਰੂ ਤੋ ਆਪਣੀਆਂ ਜਾਨਾਂ ਵਾਰ ਗਏ।

ਪਹਿਲੇ ਚਾਲੀ ਮੁਕਤੇ ਉਹ ਸਿੰਘ ਸਨ ਜੋ ਚਮਕੌਰ ਦੀ ਗੜ੍ਹੀ ਵਿਚ ਦਸ ਲੱਖ ਫੌਜ ਦਾ ਟਾਕਰਾ ਕਰਦੇ ਸ਼ਹੀਦ ਹੋਏ। ਇਹ ਸਿੰਘ ਲਗਾਤਾਰ ਕਈ ਦਿਨਾਂ ਤੋਂ ਢਿੱਡੋਂ ਭੁੱਖੇ ਕੇਵਲ ਸਿਦਕ ਤੇ ਸਿਰੜ ਦੇ ਸਿਰ ਤੇ ਲੜਦੇ ਰਹੇ।ਅਥਾਹ ਮੁਗਲ ਫੌਜ ਨੇ ਇਸ ਗੜ੍ਹੀ ਦਾ ਬੜਾ ਸਖਤ ਮੁਹਾਸਰਾ ਘੱਤਿਆਂ ਹੋਇਆ ਸੀ। ਸਮੁੰਦਰ ਦੀਆਂ ਛੱਲਾਂ ਵਾਂਗ ਉਹ ਵਾਰ ਵਾਰ ਗੜ੍ਹੀ ਉਤੇ ਧਾਵਾ ਬੋਲਦੇ ਪਰ ਸਿੰਘਾਂ ਦੇ ਜਵਾਬੀ ਤੀਰਾਂ ਨਾਲ ਟਕਰਾ ਕੇ ਸਮੁੰਦਰ ਦੀਆਂ ਛੱਲਾ ਵਾਂਗ ਹੀ ਵਾਪਸ ਪਰਤ ਜਾਂਦੇ। ਵਿਚ ਵਿਚ ਸਿੰਘਾਂ ਦੇ ਜੱਥੇ ਗੜ੍ਹੀ ਤੋਂ ਬਾਹਰ ਆ ਕੇ ਵੀ ਦੁਸ਼ਮਣ ਦੇ ਆਹੂ ਲਾਹੁੰਦੇ ਤੇ ਕਰੜੇ ਹੱਥ ਦਿਖਾਉਂਦੇ ਸ਼ਹੀਦੀਆਂ ਪ੍ਰਾਪਤ ਕਰ ਜਾਂਦੇ। ਦੋਵੇਂ ਵੱਡੇ ਸਾਹਿਬਜ਼ਾਦੇ ਵੀ ਸ਼ਹਾਦਤ ਦਾ ਜਾਮ ਪੀ ਗਏ।

1. ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ ॥
ਪਾਵੈ ਮੁਕਤਿ ਨ ਹੋਰ ਥੈ ਕੋਈ ਪੁਛਹੁ ਬਿਬੇਕੀਆ ਜਾਏ ॥........
ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ॥ (ਪੰਨਾ ੯੨੦)

੨. ਮੁਕਤੇ ਸੇਵੇ ਮੁਕਤਾ ਹੋਵੈ॥ (ਪੰਨਾ ੧੧੬)

ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ, ਇਵੇਂ ਹੀ ਸੂਰਮਗਤੀ ਨੂੰ ਪ੍ਰਾਪਤ ਹੋਏ। ਸਾਹਿਬਜ਼ਾਦਿਆਂ ਦੀ ਸ਼ਹੀਦੀ ਮਗਰੋਂ ਕਲਗੀਧਰ ਪਾਤਸ਼ਾਹ ਨੂੰ ਗੜ੍ਹੀ ਵਿੱਚ ਬਚ ਰਹੇ ਸਿੰਘਾਂ ਦੀ ਪ੍ਰਤਿਨਿਧਤਾ ਕਰਦੇ ਪੰਜਾਂ ਸਿੰਘਾਂ ਨੇ ਗੜ੍ਹੀ ਛੋੜ ਕੇ ਨਿਕਲ ਜਾਣ ਦਾ 'ਹੁਕਮ' ਦਿੱਤਾ। ਸਤਿਗੁਰੂ ਜੀ ਦੁਸ਼ਮਣ ਨੂੰ ਵੰਗਾਰਦੇ ਨਿਕਲੇ ਤਾਂ ਇਹਨਾਂ ਸਿੰਘਾਂ ਨੇ ਧੌਂਸਿਆਂ ਦੀ ਵੰਗਾਰ ਮਚਾ ਦਿੱਤੀ ਤੇ ਦੁਸ਼ਮਣ ਨੂੰ ਇਕ ਵਾਰ ਤਾਂ ਸ਼ਸ਼ੋਪੰਜ ਵਿੱਚ ਪਾ ਦਿੱਤਾ। ਪਰ ਅਨਗਿਣਤ ਮੁਲਖਈਏ ਅੱਗੇ ਗਿਣਤੀ ਦੇ ਸਿੰਘ ਕਿਤਨਾ ਚਿਰ ਨਿਭ ਸਕਦੇ ਸਨ ? ਅੰਤ ਇਕ ਇਕ ਕਰ ਕੇ ਸਾਰੇ ਦੇ ਸਾਰੇ ਸੂਰਮਗਤੀ ਨੂੰ ਪ੍ਰਾਪਤ ਹੋ ਗਏ।

ਇਹਨਾਂ ਤੋਂ ਮਗਰੋਂ ਹੋਏ ਚਾਲੀ ਮੁਕਤੇ ਮਾਝੇ ਦੇ ਉਹ ਸਿੰਘ ਸਨ, ਜੋ ਅਨੰਦਪੁਰ ਦੇ ਮੁਹਾਸਰੇ ਵੇਲੇ ਦਿਲ ਛੱਡ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਦਾਵਾ ਲਿਖ ਕੇ ਦੇ ਆਏ ਸਨ, ਕਿ "ਤੂੰ ਸਾਡਾ ਗੁਰੂ ਨਹੀਂ ਤੇ ਅਸੀਂ ਤੇਰੇ ਸਿੱਖ ਨਹੀਂ।" ਪਤਾ ਨਹੀਂ ਕਿਹੜੇ ਕਮਜ਼ੋਰ ਛਿਨ ਉਹ ਇਹ ਬੇਦਾਵਾ ਲਿਖ ਆਏ ਸਨ। ਉਹਨਾਂ ਦੀ ਆਤਮਾ ਵਿੱਚ, ਤਾਂ ਸਤਿਗੁਰੂ ਦੀ ਯਾਦ ਅਜੇ ਵੀ ਕਾਇਮ ਸੀ। ਸ਼ਾਇਦ ਲੰਮੀ ਭੁੱਖ ਦੀ ਬੇਵੱਸੀ ਨਹੀਂ ਸਨ ਝੱਲ ਸਕੇ। ਸ਼ਾਇਦ ਅਵਿਰਲ ਘਸਮਾਨ ਕਰਦਿਆਂ ਥੱਕ ਗਏ ਸਨ। ਇਹ ਕਮਜ਼ੋਰ ਸਨ, ਕਠੋਰ ਨਹੀਂ ਸਨ। ਸ਼ਾਇਦ ਕਮਜ਼ੋਰੀ ਤੇ ਥਕਾਵਟ ਇਹਨਾਂ 'ਤੇ ਹਾਵੀ ਹੋ ਗਈ ਸੀ। ਸੋ ਕਮਜ਼ੋਰੀ ਦੇ ਕਿਸੇ ਛਿਨ ਗੁਰੂ ਨੂੰ ਬੇਦਾਵਾ ਦੇ ਕੇ ਨਿਕਲ ਆਏ ਸਨ। ਦੁਸ਼ਮਣ ਨੇ ਵੀ ਬੇਦਾਵਾ ਲਿਖਣ ਵਾਲਿਆਂ ਨੂੰ ਰਾਹ ਦੇ ਦਿੱਤਾ ਸੀ। ਜਦੋਂ ਉਹ ਘਰੀ ਪਹੁੰਚੇ ਤਾਂ ਘਰਦਿਆਂ ਨੇ ਬੂਹੇ ਨਾ ਟੱਪਣ ਦਿੱਤੇ "ਆਗਏ ਓ ਆਪਣੇ



www.AKJ.Org

ਗੁਰੂ ਨੂੰ ਪਿੱਠ ਦੇ ਕੇ?" ਉਹਨਾ ਦੀਆਂ ਘਰ ਵਾਲਿਆ ਨੇ ਲਾਅਨਤਾਂ ਪਾਉਦਿਆਂ ਆਖਿਆ "ਤੁਸੀ ਘਰੀ ਚੂੜੀਆ ਪਹਿਨ ਕੇ ਬੈਠੋ ਅਸੀ ਜਾਨੀਆਂ ਸਤਿਗੁਰੂ ਨੂੰ ਸੀਸ ਦੇਣ ਇਹ ਜਾਨਾਂ ਜਿਹੜੀਆਂ ਬਚਾ ਲਿਆਏ ਓ ਕਦੋਂ ਤੀਕ ਤੁਹਾਡੇ ਨਾਲ ਨਿਭਣਗੀਆਂ?"

ਘਰਾਂ ਤੋਂ ਫਿਟਕਾਰਿਆ ਨੂੰ ਮਾਤਾ ਭਾਗੋ ਵਾਪਸ ਗੁਰੂ ਚਰਨਾਂ ਵਲ ਲੈ ਤੁਰੀ। ਉਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਮਾਛੀਵਾੜੇ ਦੇ ਜੰਗਲ ਚੋ ਹੋ ਜੱਟ ਪੁਰੇ ਹੁੰਦੇ ਫੀਰੋਜਪੁਰ ਵਾਲੇ ਪਾਸੇ ਨੂੰ ਤੁਰ ਪਏ ਸਨ। ਸ਼ਾਹੀ ਫੌਜਾਂ ਉਹਨਾ ਦਾ ਖੁਰਾ ਨੱਪਦੀਆਂ ਫਿਰਦੀਆਂ ਸਨ। ਇਹਨਾਂ ਫੌਜਾਂ ਦੇ ਪਿੱਛੋ ਤੁਰੇ ਆਉਣ ਦੀ ਇਹਨਾ ਬੇਦਾਵੀਏ ਸਿੱਖਾਂ ਨੂੰ ਭਿਣਕ ਪੈ ਗਈ। ਖਿਦਰਾਣੇ ਦੀ ਢਾਬ ਦੇ ਕੰਢੇ ਇਹਨਾਂ ਨੇ ਤੁਰੀ ਆਉਂਦੀ ਵੈਰੀ ਫੌਜ ਨੂੰ ਰਸਤੇ ਵਿਚ ਰੋਕਣ ਦਾ ਫੈਸਲਾ ਕਰ ਲਿਆ। ਆਪਣੀਆਂ ਚਾਦਰਾਂ ਲਾਹ ਕੇ ਉਹਨਾਂ ਬਿਰਛਾਂ ਉਤੇ ਟੰਗ ਦਿੱਤੀਆਂ। ਦੂਰੋਂ ਇਉ ਜਾਪਣ ਲਗਾ ਜਿਵੇ ਕੋਈ ਫੌਜ ਉਥੇ ਤੰਬੂ ਡੇਰੇ ਤਾਣੇ ਲਾਈ ਬੈਠੀ ਹੋਵੇ। ਆਪ ਉਹ ਐਸੇ ਟਿਕਾਣੇ ਮਲ ਕੇ ਬੈਠ ਗਏ। ਜਿੱਥੇ ਆ ਰਹੀ ਫੌਜ ਉਤੇ ਪੂਰੇ ਜਲਾਲ ਨਾਲ ਹਮਲਾ ਕਰ ਸਕਣ। ਵੈਰੀਆ ਦੀ ਵਹੀਰ ਆਈ ਪਰ ਇਹਨਾਂ ਦੇ ਹੱਲੇ ਅੱਗੇ ਕੁਝ ਖਤਮ ਹੋ ਗਈ। ਕੁਝ ਤਿੱਤਰ ਬਿੱਤਰ ਹੋ ਗਈ।ਪਰ ਇਹ ਚਾਲੀ ਦੇ ਚਾਲੀ ਸਿੰਘ ਵੀ ਗੁਰੂ ਦੀ ਖਾਤਰ ਸ਼ਹੀਦ ਹੋ ਗਏ।

ਗੁਰੂ ਗੋਬਿੰਦ ਸਿੰਘ ਜੀ ਨੂੰ ਇਸ ਲੜਾਈ ਦੀ ਸੂਹ ਮਿਲ ਗਈ.। ਉਹ ਵੀ ਉਥੇ ਆਣ ਪੁੱਜੇ। ਇਹਨਾ ਸਿੰਘਾਂ ਦੀ ਸੂਰਮਗਤੀ ਤੇ ਕੁਰਬਾਨੀ ਕਾਰਨ ਬਹੁਤ ਦ੍ਰਵੇ । ਇਕ ਇਕ ਦਾ ਸਿਰ ਉਹਨਾਂ ਆਪਣੀ ਗੋਦੀ ਵਿਚ ਲਿਆ ਇਕਇਕ ਦਾ ਮੱਥਾ ਚੁੰਮਿਆ ਤੇ ਖਿਤਾਬ ਦਿੱਤੇ ਇਹ ਮੇਰਾ ਪੰਜ ਹਜਾਰੀ ਇਹ ਮੇਰਾ ਦਸ ਹਜ਼ਾਰੀ ਇਹ ਮੇਰਾ........"।

ਜਦ ਉਹਨਾ ਦੇ ਜਥੇਦਾਰ ਮਹਾਂ ਸਿੰਘ ਕੋਲ ਸਤਿਗੁਰੂ ਜੀ ਪਹੁੰਚੇ ਤਾ ਕੀ ਵੇਖਦੇ ਹਨ ਉਸ ਦੇ ਪ੍ਰਾਣ ਅਜੇ ਚਲ ਰਹੇ ਹਨ। ਗੁਰੂ ਜੀ ਨੇ ਉਸ ਦਾ ਸਿਰ ਵੀ ਆਪਣੀ ਗੋਦ ਵਿਚ ਲਿਆ ਮੂੰਹ ਵਿਚ ਪਾਣੀ ਪਾਇਆ ਤਾਂ ਉਸ ਨੂੰ ਰਤਾ ਸੁਰਤ ਆਈ। ਤਦ ਗੁਰੂ ਜੀ ਨੇ ਉਸ ਦੇ ਮਸਤਕ ਤੇ ਹੱਥ ਫੇਰਿਆ ਤੇ ਅਸੀਸਾ ਦੇਂਦਿਆ ਉਸ ਦਾ ਨਾਮ ਪੁਕਾਰਿਆ। ਉਹਬੱਚਿਆ ਵਾਂਗ ਰੋ ਪਿਆ।ਗੁਰੂ ਜੀ ਨੇ ਅਨੰਤ ਮੇਹਰ ਵਿਚ ਆ ਕੇ ਬਚਨ ਕੀਤਾ" ਮਹਾਂ ਸਿੰਘ ਜੀ ਕੁਝ ਮੰਗ ਲਵੋ। ਅਜ ਜੋ ਕੁਝ ਮੰਗੋਗੇ ਮਿਲੇਗਾ।" ਮਹਾਂ ਸਿੰਘ ਅੱਗੋਂ ਅਤਿ ਮਸੂਮ ਸ਼ੁਕਰਾਨੇ ਵਿਚ ਡੁਬ ਡੁਬਾਉਦੀਆ ਅੱਖਾਂ ਨਾਲ ਬੋਲਿਆ" ਸੱਚੇ ਪਾਤਸਾਹ ਜੋ ਤੁੱਠੇ ਹੋ ਤਾਂ ਸਾਡਾ ਲਿਖਿਆ ਬੇਦਾਵਾ ਪਾੜ ਦਿਉ।" ਸਤਿਗੁਰੂ ਜੀ ਨੇ ਕਿਹਾ ਮਹਾਂ ਸਿੰਘ ਜੀ ਕੁਝ ਹੋਰ ਮੰਗ ਲਓ। ਮਹਾਂ ਸਿੰਘ ਬੋਲੇ ਦਾਤਾਰ ਪਾਤਸ਼ਾਹ ਬੱਸ ਟੁੱਟੀ ਗੰਢ ਦਿਉ। ਸਤਿਗੁਰਾਂ ਨੇ ਕਮਰਕੱਸੇ ਵਿਚ ਸਾਂਭਿਆ ਬੇਦਾਵਾ ਕਢਿਆ ਪਾੜ ਕੇ ਉਸ ਦੇ ਪੁਰਜ਼ੇ ਹਵਾ ਵਿਚ ਉਡਾ ਦਿੱਤੇ। ਮਹਾਂ ਸਿੰਘ ਨੇ ਸ਼ੁਕਰਾਨੇ ਵਿਚ ਸਤਿਗੁਰਾਂ ਦੇ ਚਰਨ ਚੁੰਮ ਲਏ ਤੇ ਫਿਰ ਆਪਣੇ ਮੇਹਰਬਾਨ ਸਤਿਗੁਰੂ ਦੀ ਗੋਦ ਵਿਚ ਹੀ ਪ੍ਰਾਣ ਤਿਆਗ ਗਿਆ। ਸਤਿਗੁਰਾ ਨੇ ਮਹਾਂ ਸਿੰਘ ਦੇ ਸਮੱਸਤ ਸ਼ਹੀਦ ਜੱਥੇ ਨੂੰ ਮੁਕਤਿਆ ਦਾ ਖਿਤਾਬ ਦਿੱਤਾ।

## ਸਤਿਗੁਰੂ ਜੀ ਅੱਗੇ ਜੋਦੜੀ

*ਜਿਵੇਂ ਕਿ ਪਿਛਲੇ ਕਈ ਅੰਕਾ ਵਿਚ ਅਖੰਡ ਕੀਰਤਨੀ ਜੱਥੇ ਵਿਚ ਪੈਦਾ ਹੋਏ ਵਿਵਾਦਾਂ ਦੇ ਸੁਲਝਾ ਲਈ ਜੱਥੇ ਦੀਆਂ ਸਮੂਹ ਹਿਤੈਸ਼ੀ ਸੰਗਤਾਂ ਨੂੰ ਸਤਿਗੁਰੂ ਜੀ ਅੱਗੇ ਆਪਣੀਆਂ ਭੁੱਲਾਂ ਬਖਸ਼ਾ ਕੇ ਮੁੜ ਕੇ ਨਾਮ ਰੰਗਾਂ ਦੇ ਪ੍ਰੇਮ ਅਖਾੜੇ ਬਖਸ਼ਣ ਲਈ ਅਰਦਾਸ ਕਰਨ ਦੀ ਬੇਨਤੀ ਕੀਤੀ ਗਈ ਸੀ ਉਸੇ ਲੜੀ ਵਿਚ ਹੁਣ ਅਗਲਾ ਅਰਦਾਸ ਦਿਵਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਵਸ ਵਾਲੇ ਦਿਨ ੨ ਜਨਵਰੀ ਨੂੰ ਮਿੱਥਿਆ ਗਿਆ ਹੈ। ਸੋ ਸਮੂਹ ਸੰਗਤਾਂ ਪ੍ਰਤੀ ਬਿਨੈ ਹੈ ਕਿ ਆਪਣੇ ਹੋਰ ਸੱਜਣਾਂ ਮਿਤਰਾਂ ਜਿਨ੍ਹਾਂ ਨੂੰ ਨਾ ਪਤਾ ਹੋਵੇ ਸੁਨੇਹਾ ਪਹੁੰਚਾ ਕੇ ੨ ਜਨਵਰੀ ਨੂੰ ਕਿਸੇ ਵੇਲੇ ਵੀ ਨਿਤਨੇਮ ਤੋਂ ਇਲਾਵਾ ਇਕ ਹੋਰ ਜਪੁਜੀ ਸਾਹਿਬ ਦੇ ਜਾਪ ਕਰਕੇ ਅਰਦਾਸ ਦਿਵਸ ਵਜੋਂ ਮਨਾਓ ਤਾਂ ਕਿ ਸਤਿਗੁਰੂ ਜੀ ਦੀ ਕ੍ਰਿਪਾ ਦੁਆਰਾ ਮੁੜ ਕੇ ਪੁਰਾਣੇ ਕੀਰਤਨ ਅਖਾੜਿਆਂ ਵਰਗੇ ਰੰਗ ਮਾਣ ਸਕੀਏ।*

ਦਾਸਰੇ - ਸੂਰਾ ਪਰਿਵਾਰ



www.AKJ.Org

ਸਿੱਖ ਇਤਿਹਾਸ

# ਸੰਤ ਸਿਪਾਹੀ ਭਾਈ ਤਾਰਾ ਸਿੰਘ 'ਵਾਂ'

ਮੁਗਲ ਰਾਜ ਅੰਦਰ ਪੰਜਾਬ ਵਿਚ ਜ਼ਿਮੀਂਦਾਰਾ ਢੰਗ ਹੁੰਦਾ ਸੀ। ਪਿੰਡ ਦੇ ਚੌਧਰੀ ਲੋਕਾਂ 'ਤੇ ਬੜਾ ਜ਼ੁਲਮ ਕਰਦੇ ਸਨ। ਨੌਸ਼ਹਿਰੇ ਪਿੰਡ ਦਾ ਚੌਧਰੀ 'ਸਾਹਿਬ ਰਾਏ' ਸੀ। ਇਹ ਬੜਾ ਹੰਕਾਰੀ ਤੇ ਅਤਿਆਚਾਰੀ ਸੀ। ਇਹ ਆਪਣੀਆਂ ਘੋੜੀਆਂ ਸਿੱਖਾਂ ਦੇ ਖੇਤਾਂ ਅੰਦਰ ਚਰਨ ਲਈ ਖੁਲੀਆਂ ਛੱਡ ਦੇਂਦਾ ਸੀ। ਇਕ ਦਿਨ ਸਿੱਖਾਂ ਨੇ ਚੌਧਰੀ ਨੂੰ ਕਿਹਾ, 'ਚੌਧਰੀ ਜੀ, ਆਪਣੀਆਂ ਘੋੜੀਆਂ ਬੰਨ੍ਹ ਕੇ ਰੱਖੋ।' ਅੱਗੋਂ ਚੌਧਰੀ ਨੇ ਉੱਤਰ ਦਿੱਤਾ, 'ਮੈਂ ਤੁਹਾਡੇ ਕੇਸਾਂ ਦੇ ਰੱਸੇ ਵੱਟ ਕੇ ਘੋੜੀਆਂ ਬੰਨ੍ਹਾਂਗਾ।' ਚੌਧਰੀ ਦੀ ਇਹ ਗੱਲ ਸਿੱਖਾਂ ਦੇ ਸੀਨੇ ਚੀਰ ਗਈ। ਸਿੱਖ ਕੇਸਾਂ ਬਾਰੇ ਇਹੋ ਜਿਹੇ ਗੰਦੇ ਸ਼ਬਦ ਕਿਵੇਂ ਸਹਾਰ ਸਕਦੇ ਸਨ। ਉਹਨਾਂ ਨੇ ਇਹ ਗੱਲ ਨੇੜੇ ਦੇ ਪਿੰਡ 'ਭੁਸੇ' ਵਿੱਚ ਸ. ਅਮਰ ਸਿੰਘ ਤੇ ਸ. ਬਘੇਲ ਸਿੰਘ ਨੂੰ ਜਾ ਦੱਸੀ।

ਸ. ਅਮਰ ਸਿੰਘ ਤੇ ਸ. ਬਘੇਲ ਸਿੰਘ ਨੇ ਚੌਧਰੀ ਸਾਹਿਬ ਰਾਏ ਦੀਆਂ ਘੋੜੀਆਂ ਕੱਢ ਲਈਆਂ ਤੇ ਸ. ਆਲਾ ਸਿੰਘ ਪਟਿਆਲੇ ਵਾਲੇ ਕੋਲ ਜਾ ਵੇਚੀਆਂ। ਸਾਰੀ ਮਾਇਆ ਭਾਈ ਤਾਰਾ ਸਿੰਘ ਪਿੰਡ 'ਵਾਂ' ਦੇ ਲੰਗਰ ਵਿੱਚ ਪਾ ਦਿੱਤੀ।

ਭਾਈ ਤਾਰਾ ਸਿੰਘ ਬੜਾ ਭਜਨੀਕ ਸੀ। ਪਿੰਡ ਤੋਂ ਬਾਹਰ ਉਸ ਨੇ ਆਪਣੀ ਜ਼ਮੀਨ ਉਤੇ ਗੁਰਦੁਆਰਾ ਬਣਾਇਆ ਹੋਇਆ ਸੀ। ਜਿਥੇ ਬਾਹਰੋਂ ਆਉਣ ਵਾਲੇ ਗੁਰਸਿੱਖ ਆਰਾਮ ਕਰਦੇ ਤੇ ਲੰਗਰ ਛਕਦੇ ਸਨ। ਭਾਈ ਤਾਰਾ ਸਿੰਘ ਜਿਥੇ ਨਾਮ ਬਾਣੀ ਦਾ ਸਿਮਰਨ ਕਰਦੇ ਸਨ, ਉਥੇ ਇਕ ਚੰਗਾ ਬਹਾਦਰ ਜਰਨੈਲ ਵੀ ਸਨ। ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਕਈ ਜੰਗਾਂ ਵਿੱਚ ਲੜ ਵੀ ਚੁੱਕੇ ਸਨ।

ਉਧਰ ਜਦੋਂ ਚੌਧਰੀ ਨੂੰ ਪਤਾ ਲੱਗਾ ਕਿ ਘੋੜੀਆਂ ਸ. ਬਘੇਲ ਸਿੰਘ ਨੇ ਕੱਢੀਆਂ ਹਨ ਤਾਂ ਉਸ ਨੇ ਬਘੇਲ ਸਿੰਘ ਦਾ ਪਤਾ ਲਾਇਆ। ਸ. ਬਘੇਲ ਸਿੰਘ, ਭਾਈ ਤਾਰਾ ਸਿੰਘ ਦੇ ਡੇਰੇ ਵਿੱਚ ਸੀ। ਚੌਧਰੀ ਆਪਣੇ ਕੁੱਝ ਬੰਦੇ ਲੈ ਕੇ ਭਾਈ ਤਾਰਾ ਸਿੰਘ ਦੇ ਡੇਰੇ ਤੇ ਆ ਚੜ੍ਹਿਆ। ਹੰਕਾਰ ਦੇ ਵੱਸ ਹੋਇਆ ਉਹ ਊਲ ਜਲੂਲ ਬਕਣ ਲੱਗਾ। ਸਿੱਖੀ ਸ਼ਾਨ ਦੇ ਵਿਰੁੱਧ ਵੀ ਭੈੜੇ ਬਚਨ ਕਹੇ। ਭਾਈ ਤਾਰਾ ਸਿੰਘ ਜੀ ਦੇ ਰੋਕਣ ਤੇ ਵੀ ਜਦੋਂ ਨਾ ਰੁਕਿਆ ਤਾਂ ਸਿੰਘਾਂ ਨੇ ਚੌਧਰੀ ਨੂੰ ਲੰਮਾ ਪਾ ਕੇ ਚਾਹਟਾ ਛਕਾਇਆ। ਚੌਧਰੀ ਗੁੱਸੇ ਵਿੱਚ ਭਰਿਆ ਪੀਤਾ ਪੱਟੀ ਦੇ ਫੌਜਦਾਰ ਕੋਲ ਜਾ ਪਿਟਿਆ। ਪੱਟੀ ਦਾ ਫ਼ੌਜਦਾਰ ਜ਼ਾਫ਼ਰ ਬੇਗ ਸੀ। ਉਸ ਨੇ ੨੦੦ ਅਸਵਾਰ ਨਾਲ ਲੈ ਕੇ ਭਾਈ ਤਾਰਾ ਸਿੰਘ ਦੇ ਡੇਰੇ ਚੜ੍ਹਾਈ ਕਰ ਦਿੱਤੀ। ਸ. ਬਘੇਲ ਸਿੰਘ 'ਜੰਗਲ ਪਾਣੀ' ਲਈ ਸਵੇਰੇ ਸਵੇਰੇ ਬਾਹਰ ਨਿਕਲਿਆ ਸੀ। ਅਗੋਂ ਜ਼ਾਫ਼ਰ ਬੇਗ ਦੀ ਫੌਜ ਨਾਲ ਸਾਹਮਣਾ ਹੋ ਗਿਆ।

ਸ. ਬਘੇਲ ਸਿੰਘ ਨੇ ਗੱਜ ਕੇ ਕਿਹਾ, 'ਠਹਿਰੋ ਪਾਜੀਓ। ਕਿਧਰ ਜਾ ਰਹੇ ਹੋ! ਪਹਿਲਾ ਫ਼ੌਜਾਂ ਨਾਲ ਦੋ ਹੱਥ ਕਰਦੇ ਜਾਉ,' ਸਿੰਘ ਨੇ ਉਚੀ ਆਵਾਜ਼ ਵਿੱਚ ਬੋਲੇ ਸੋ ਨਿਹਾਲ ਦਾ ਜੈਕਾਰਾ ਗਜਾਇਆ ਤੇ ਬੰਦੂਕ ਨਾਲ ਫਾਇਰ ਕਰਨੇ ਆਰੰਭ ਦਿੱਤੇ। ਅਗੋਂ ਵੈਰੀ ਨੇ ਵੀ ਗੋਲੀਆਂ ਦੀ ਬੁਛਾੜ ਨਾਲ ਜਵਾਬ ਦਿੱਤਾ। ਗੋਲੀਆਂ ਦੀ ਆਵਾਜ਼ ਸੁਣ ਕੇ ਡੇਰੇ ਵਿਚਲੇ ਸਿੰਘ ਵੀ ਸ. ਬਘੇਲ ਸਿੰਘ ਦੀ ਮਦਦ ਵਾਸਤੇ ਪਹੁੰਚ ਗਏ। ਚੰਗੀ ਜੰਮ ਕੇ ਲੜਾਈ ਹੋਈ। ਸਿੰਘਾਂ ਨਾਲੋਂ ਵੈਰੀ ਦੀ ਗਿਣਤੀ ਭਾਵੇਂ ਕਾਫੀ ਸੀ ਪਰ ਫਿਰ ਵੀ ਸਿੰਘਾਂ ਦੀ ਤਲਵਾਰ ਅੱਗੇ ਉਹ ਟਿਕ ਨਾ ਸਕੇ।

ਇਸ ਮੁਠਭੇੜ ਵਿੱਚ ਸ. ਬਘੇਲ ਸਿੰਘ ਜੀ ਸ਼ਹੀਦ ਹੋ ਗਏ। ਦੂਜੇ ਪਾਸੇ ਫੌਜਦਾਰ ਜਾਫ਼ਰ ਬੇਗ ਦੇ ਦੋ ਭਤੀਜੇ ਤੇ ਦੱਸ ਕੁ ਹਿੰਦੂ ਮੁਸਲਮਾਨ ਮਾਰੇ ਗਏ। ਫੌਜਦਾਰ ਨੇ ਨੱਸ ਕੇ ਆਪਣੀ ਜਾਨ ਬਚਾਈ। ਜ਼ਾਫ਼ਰ ਬੇਗ ਨੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਂ ਕੋਲ ਫਰਿਆਦ ਕੀਤੀ। ਜ਼ਕਰੀਆ ਖਾਂ ਅਗੇ ਹੀ ਸਿੰਘਾਂ ਦਾ ਵੈਰੀ ਸੀ। ਮੋਮਨ ਖਾਂ ਨੂੰ ਹੁਕਮ ਦਿੱਤਾ ਕਿ ਫ਼ੌਜ ਲੈ ਕੇ ਤਾਰਾ ਸਿੰਘ ਤੇ ਚੜ੍ਹਾਈ ਕਰੇ ਅਤੇ ਉਸ ਨੂੰ ਜਿਉਂਦਾ ਫੜ ਕੇ ਲਿਆਵੇ ਜਾਂ ਉਸੇ ਦਾ ਸਿਰ ਉਤਾਰ ਕੇ ਪੇਸ਼ ਕਰੇ। ਮੋਮਨ ਖਾਂ ਨੇ ੨੦੦੦ ਦੀ ਫ਼ੌਜ ਲੈ ਕੇ ਉਸੇ ਵੇਲੇ ਚੜ੍ਹਾਈ ਕਰ ਦਿੱਤੀ।

ਭਾਈ ਤਾਰਾ ਸਿੰਘ ਜੀ ਨੂੰ ਇਹ ਖਬਰ ਇੱਕ ਸਿੰਘ ਨੇ ਆ ਦੱਸੀ। ਸਿੰਘ ਭਾਵੇਂ ਗਿਣਤੀ ਦੇ ਪੰਜਾਹ ਕੁ ਸਨ, ਪਰ ਸਾਰੇ ਲੜਨ ਨੂੰ ਤਿਆਰ ਹੋ ਪਏ। ਸਿੰਘ ਮੁਆਫ਼ੀ ਮੰਗਣਾ ਨਹੀਂ ਜਾਣਦੇ ਤੇ ਨਾ ਹੀ ਵੱਡੇ ਤੋਂ ਵੱਡੇ ਵੈਰੀ ਦਲ ਤੋਂ ਘਬਰਾਉਂਦੇ ਹਨ।

(ਬਾਕੀ ਪੰਨਾ ੩੭ ਤੇ ...)



www.AKJ.Org

# ਗੁਰਮਤਿ ਸਾਂਝਾਂ

ਖਾਲਸੇ ਦਾ ਆਦਰਸ਼ ਗੁਣਾ ਦੀ ਸਾਂਝ ਹੈ। ਪੰਥ ਦੀ ਫੁਲਵਾੜੀ ਦਾ ਹਰ ਮਹਿਕਦਾ ਫੁੱਲ ਆਪਣੇ ਆਪ ਵਿਚ ਨਿਆਰਾ ਹੈ। ਗੁਰਮਤਿ ਵਿਚਾਰ ਪ੍ਰਚਾਰ ਦੀ ਰਾਹ ਤੇ ਅਨੇਕਾ ਹੀ ਰਸਾਲੇ ਅਖਬਾਰਾ ਆਪਣੀਆ ਸੇਵਾਵਾ ਬਾਖੂਬੀ ਨਿਭਾ ਰਹੇ ਹਨ। ਪੰਥ ਦਰਦੀ ਵਿਚਾਰਵਾਨਾਂ, ਵਿਦਵਾਨਾਂ ਦੀਆਂ ਗੁਰਮੁਖੀ ਵਿਚਾਰਾ ਸੰਗਤਾਂ ਦੇ ਦ੍ਰਿਸ਼ਟੀਗੋਚਰ ਹੁੰਦੀਆ ਰਹਿੰਦੀਆ ਹਨ। ਗੁਰਮਤਿ ਵਿਚਾਰਾ ਦੀ ਸਾਂਝ ਕਰਨ ਦੇ ਮਨੋਰਥ ਨਾਲ ਅਤੇ ਆਪਣੇ ਪਾਠਕਾ ਦੀ ਸੇਵਾ ਦੇ ਆਸ਼ੇ ਹਿਤ ਵੱਖ ਵੱਖ ਸਮਕਾਲੀ ਰਸਾਲਿਆਂ ਵਿਚੋਂ ਵਿਚਾਰ ਲੈ ਕੇ ਇਕ ਨਵਾਂ ਕਾਲਮ, 'ਗੁਰਮਤਿ ਸਾਝਾਂ' ਆਰੰਭ ਕਰ ਰਹੇ ਹਾਂ ਆਸ ਹੈ ਪਾਠਕ ਇਸ ਕਦਮ ਨੂੰ ਪਸੰਦ ਕਰਨਗੇ। (ਸੰਪਾਦਕ)

ਸਾਹਿਬਜ਼ਾਦਿਆਂ ਦੀਆ ਸ਼ਹਾਦਤਾਂ ਅਣਚਾਹੀਆਂ ਮੌਤਾਂ ਨਹੀਂ ਸਨ, ਸਗੋਂ ਚੇਤੰਨ ਸਰੂਪ ਵਿਚ ਆਪ ਸਿਰਜੇ ਤੇ ਰੂਪਮਾਨ ਕੀਤੇ ਬਹਾਦਰੀ ਦੇ ਜੌਹਰ ਸਨ ਜੋ ਕੌਮ ਅਤੇ ਦੇਸ਼ ਦਾ ਫਖਰ ਬਣੇ। ਇਨ੍ਹਾਂ ਅੰਦਰ ਗੁਰੂ-ਪਿਤਾ, ਗੁਰੂ-ਦਾਦਾ, ਗੁਰੂ ਵਿਰਸੇ ਤੋਂ ਪ੍ਰਾਪਤ ਨਾਮ ਰੰਗ ਦੀ ਸੁਰਮਗਤੀ ਸੀ ਜਿਨ੍ਹਾ ਦਾ ਬਾਹਰੀ ਪ੍ਰਗਟਾਵਾ ਇਹ ਸ਼ਹੀਦੀਆ ਦੇ ਰਹੱਸ ਨੂੰ ਸਮਝਣਾ ਕੋਈ ਸੌਖੀ ਗੱਲ ਨਹੀਂ, ਵਿਸ਼ੇਸ਼ ਕਰਕੇ ਉਨ੍ਹਾ ਮਨੁੱਖਾ ਲਈ ਜੋ ਸਰੀਰਾਂ ਦੇ ਸੰਬੰਧਾਂ ਦੇ ਪਿਆਰ ਨਾਲ ਜੁੜੇ ਹੋਏ ਹਨ, ਮਰਨ ਤੋਂ ਡਰਦੇ ਹਨ, ਸਰੀਰ ਦੇ ਖਤਮ ਹੋ ਜਾਣ ਨੂੰ ਇਕ ਭਿਆਨਕ ਘਟਨਾ ਮੰਨਦੇ ਹਨ, ਜਿਸ ਤੋਂ ਬਚਣ ਲਈ ਹਰ ਤਰ੍ਹਾ ਦੇ ਸਾਧਨ ਜੁਟਾਉਣ ਵਿਚ ਲੱਗੇ ਹੋਏ ਹਨ। (ਸਿੱਖ ਫੁਲਵਾੜੀ)

ਅਖਬਾਰਾ, ਮੈਗਜ਼ੀਨਾ, ਟ੍ਰੈਕਟਾ, ਪੋਸਟਰਾ ਵਿਚ ਸਾਡੀ ਗਿਰਾਵਟ ਬਾਰੇ ਤੇ ਮੁੜ ਕਿਵੇਂ ਸਿੱਖੀ ਨੂੰ ਸੁਰਜੀਤ ਕੀਤਾ ਜਾਵੇ, ਬਾਰੇ ਪੜ੍ਹਦਾ ਰਹਿੰਦਾ ਹਾਂ। ਇਨ੍ਹਾਂ ਸਾਰਿਆ ਵਿਚ ਨਿੱਜੀ ਮੱਤ ਹੈ, ਅਪੀਲ ਹੈ, ਸੁਝਾਅ ਹੈ, ਲੈਕਚਰ ਹੈ, ਪਰ ਇਹ ਸਾਰਾ ਕੁਝ ਬਾਹਰਲੀ ਪਛਾਣ, ਬਾਹਰਲੀ ਤਾਕਤ ਤੇ ਬਾਹਰਲੀ ਤਰੱਕੀ ਤਕ ਹੀ ਸੀਮਤ ਹੈ। ਕੋਈ ਮੈਗਜ਼ੀਨ ਪੜ੍ਹੋ, ਇਕ ਗਰੁਪ ਦੂਜੇ ਲਈ ਘਿਰਣਾ ਦੀ ਬੋਲੀ ਬੋਲਦਾ ਹੈ, ਇਕ ਪਾਰਟੀ ਦੂਜੇ ਦੇ ਖਿਲਾਫ ਤੇ ਇਕ ਜਮਾਤ ਦੂਜੀ ਦੇ ਖਿਲਾਫ ਜ਼ਹਿਰ ਉਗਲਦੀ ਹੈ। (ਗੁਰਮਤਿ ਪ੍ਰਕਾਸ਼)

'ਗਿਆਨ' ਤੋਂ ਖਾਲੀ 'ਗਿਆਨੀ' ਨਹੀਂ ਹੋ ਸਕਦਾ ਉਹਨਾਂ ਨੂੰ ਅਸਲ ਗਿਆਨੀ ਬਣਾਉਣ ਲਈ ਸਾਨੂੰ ਯੋਗ ਪ੍ਰਬੰਧ ਕਰਨੇ ਪੈਣਗੇ। ਕਿਸੇ ਵੀ ਗੁਰਦੁਆਰੇ ਦੇ ਗ੍ਰੰਥੀ ਸਿੰਘ ਦੀ ਘਟੋ ਘੱਟ ਵਿਦਿਅਕ ਯੋਗਤਾ ਵੀ ਨਿਸ਼ਚਤ ਹੋਣੀ ਚਾਹੀਦੀ ਹੈ। ਇਸਤੋਂ ਇਲਾਵਾ ਉਸਨੂੰ ਧਰਮ ਦੀ ਸਹੀ ਜਾਣਕਾਰੀ ਤੋਂ ਇਲਾਵਾ ਧਰਮ ਦੇ ਪ੍ਰਚਾਰ ਪ੍ਰਸਾਰ ਕਰਨ ਲਈ ਉਚੇਰੀ ਸਿਖਿਆ ਦਿੱਤੀ ਜਾਣੀ ਚਾਹੀਦੀ ਹੈ ਤਾ ਕਿ ਉਹ ਤੇਜੀ ਨਾਲ ਬਦਲਦੀ ਜਾ ਰਹੀ ਦੁਨੀਆ ਨੂੰ ਸਹੀ ਅਤੇ ਵਿਗਿਆਨਕ ਤਰੀਕਿਆ ਰਾਹੀਂ ਧਰਮ ਪ੍ਰਚਾਰ ਕਰ ਸਕੇ। ਸਿੱਖਾ ਦੀਆਂ ਮੁੱਖ ਧਾਰਮਿਕ ਜੱਥੇਬੰਦੀਆ ਕਮੇਟੀਆ ਨੂੰ ਇਕੱਠੇ ਰਲ ਕੇ ਧਰਮ ਪ੍ਰਚਾਰ ਲਈ ਇਲੈਕਟ੍ਰੋਨਿਕਸ ਮੀਡੀਆ ਦੀ ਸਹਾਇਤਾ ਲੈ ਕੇ ਇਸ ਦੇ ਪ੍ਰਭਾਵਸ਼ਾਲੀ ਨਤੀਜਿਆਂ ਤੋਂ ਲਾਭ ਲੈਣਾ ਚਾਹੀਦਾ ਹੈ। (ਵਿਚਾਰ ਦਰਸ਼ਨ ਵਿਰਾਸਤ)

ਗੱਲ ਬਿਪਰਵਾਦ ਦੀ ਹੋਵੇ, ਲੱਚਰ ਮੀਡੀਏ ਦੀ ਹੋਵੇ, ਜਾਂ ਫਿਰ ਮਾਂ-ਬੋਲੀ ਨਾਲੋਂ ਮੋਹ ਭੰਗ ਹੋਣ ਦੀ। ਜ਼ਿੰਮੇਵਾਰੀ ਅਖੀਰ ਨੂੰ ਲੀਡਰਸ਼ਿਪ 'ਤੇ ਹੀ ਆਉਣੀ ਹੈ। ਪੰਜਾਬ ਦੇ ਸਿੱਖ ਲੀਡਰਸ਼ਿਪ ਆਪਣੀ ਇਸ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੇ। ਅੱਜ ਦਾ ਦੁਖਾਂਤ ਇਹ ਹੈ ਕਿ ਆਮ ਸਿੱਖ ਸੰਗਤ ਨੇ ਅੱਖਾਂ ਮੀਟ ਕੇ 'ਦੜ ਵੱਟ ਜ਼ਮਾਨਾ ਕੱਟ' ਵਾਲੀ ਨੀਤੀ ਧਾਰਨ ਕੀਤੀ ਹੋਈ ਹੈ। ਜਦ ਕਿ ਲੀਡਰਸ਼ਿਪ ਨੂੰ ਆਪਸੀ ਲੜਾਈ ਤੋਂ ਹੀ ਵਿਹਲ ਨਹੀਂ। ਪੰਜਾਬੀਆਂ ਦੇ ਕਲਿਆਣ ਲਈ ਗੰਭੀਰ ਯੋਜਨਾਬੰਦੀ ਤਾ ਪਾਸੇ ਰਹੀ, ਸਿੱਖਾ ਨੂੰ ਧਾਰਮਿਕ ਪੱਖੋ ਖੋਰਾ ਲਾਉਣ ਵਾਲੀਆ ਭਗਵੀਆ ਚਾਲਾ ਨਾਲ ਨਜਿੱਠਣ ਲਈ ਵੀ ਸਿੱਖ ਲੀਡਰਸ਼ਿਪ ਨੂੰ ਕੋਈ ਚਿੰਤਾ ਨਹੀਂ। ਸਮਝ ਨਹੀਂ ਆ ਰਹੀ ਕਿ ਉਸ ਪਾਸ ਵਿਰੋਧੀ ਚਾਲਾ ਨੂੰ ਸਮਝਣ ਦੀ ਸਮਰੱਥਾ ਹੀ ਨਹੀਂ, ਜਾ ਫਿਰ ਨਿੱਜੀ ਸਵਾਰਥਾ ਕਾਰਨ ਕੋਈ ਮਿਲੀਭੁਗਤ ਹੈ? ਇਸ ਸਮੇਂ ਪੰਥ ਦਰਦੀਆ ਦਾ ਫਰਜ਼ ਬਣਦਾ ਹੈ ਕਿ ਸਮੁੱਚੇ ਵਰਤਾਰੇ ਦੀ ਤਹਿ ਤੱਕ ਖੋਜ ਕਰਕੇ ਅਸਲੀਅਤ ਸਿੱਖ ਸੰਗਤਾਂ ਅੱਗੇ ਪੇਸ਼ ਕਰਨ। ਕੇਵਲ ਇੰਨਾ ਹੀ ਨਹੀਂ, ਸਿੱਖ ਸੰਗਤਾਂ ਤਾਂ ਇਸ ਵੇਲੇ ਯੋਗ ਅਗਵਾਈ ਦੀ ਉਡੀਕ ਵਿਚ ਹਨ। ਅਜਿਹੀ ਹਾਲਤ ਵਿਚ ਗੁਰਮਤਿ ਵਿਚਾਰਧਾਰਾ ਦੀ ਸਿਧਾਂਤਕ ਸੋਝੀ ਰੱਖਣ ਵਾਲੇ, ਉਚੇ ਕਿਰਦਾਰ ਦੇ ਮਾਲਕ, ਸੂਝਵਾਨ ਪੰਥ-ਦਰਦੀਆਂ ਦਾ 'ਛੁਪੇ ਰਹਿਣਾ' ਇਕ ਬਹੁਤ ਵੱਡੀ ਇਤਿਹਾਸਕ ਭੁੱਲ ਹੋਵੇਗੀ। ਸਿੱਖ ਸੰਗਤ ਦੀ ਹਾਰਦਿਕ ਵੇਦਨਾ ਨੂੰ ਨਜ਼ਰ-ਅੰਦਾਜ਼ ਕਰਨਾ, ਗੁਰੂ ਨਾਲ ਵੀ ਇਕ ਬਹੁਤ ਵੱਡੀ ਬੇਇਨਸਾਫੀ ਹੋਵੇਗੀ, ਕਿਉਂ ਦਸਮ-ਪਾਤਸ਼ਾਹ ਨੇ ਅਗਵਾਈ ਦੀ ਜ਼ਿੰਮੇਵਾਰੀ ਗੁਰੂ-ਪੰਥ ਨੂੰ ਸੌਂਪ ਦਿੱਤੀ ਹੋਈ ਹੈ। (ਖੰਡੇਧਾਰ)

ਗੁਰਮਤਿ ਮਨੁੱਖ-ਮਨੁੱਖ ਦੇ ਭੇਦ ਨੂੰ ਸਵੀਕਾਰ ਨਾ ਕਰਕੇ ਉਨ੍ਹਾਂ ਵਿਚਕਾਰ ਬਰਾਬਰੀ, ਭਾਈਚਾਰੇ ਅਤੇ ਸਾਂਝੀਵਾਲਤਾ ਦੀ ਪ੍ਰੋੜਤਾ ਕਰਦਾ ਹੈ। ਇਸੇ ਲਈ ਗੁਰੂ ਸਾਹਿਬਾਨ ਨੇ ਸੰਗਤ-ਪੰਗਤ ਦੀ ਪ੍ਰਥਾ ਚਲਾਈ। ਸਾਂਝੇ ਸਰੋਵਰਾ ਅਤੇ ਸਾਂਝੇ ਗੁਰਦੁਆਰਿਆ ਦਾ ਨਿਰਮਾਣ ਕਰਵਾਇਆ ਗਿਆ ਤਾਕਿ ਰੱਬ ਦੀ ਸਾਰੀ ਖ਼ਲਕਤ ਸਾਰੇ ਲੋਕ ਬਰਾਬਰੀ ਦੇ ਭਾਵ ਨਾਲ ਇਕੱਠੇ ਜੁੜ ਬੈਠ ਕੇ ਅਕਾਲ ਪੁਰਖ ਦੀ ਸਿਫ਼ਤ ਸਾਲਾਹ ਕਰ ਸਕਣ ਅਤੇ ਉਸ ਦੀ ਨਦਰਿ ਦਾ ਆਨੰਦ ਪ੍ਰਾਪਤ ਕਰ ਸਕਣ। ਦਸ਼ਮੇਸ਼ ਪਿਤਾ ਨੇ ਮਨੁੱਖਾ ਨੂੰ ਅੰਮ੍ਰਿਤ ਦੀ ਦਾਤਿ ਬਖਸ਼ ਕੇ ਉਨ੍ਹਾ ਨੂੰ 'ਸਿੰਘ' ਬਣਾ ਦਿੱਤਾ ਤੇ ਉਨ੍ਹਾ ਦੀਆ ਜਾਤਾ, ਊਚ-ਨੀਚ, ਭੇਦਭਾਵ ਸਭ ਸਮਾਪਤ ਹੋ ਗਏ। ਅੰਮ੍ਰਿਤ ਛਕਣ ਤੋਂ ਬਾਅਦ ਸਭ ਸਿੰਘ ਹੁੰਦੇ ਹਨ, ਉਨ੍ਹਾ ਦੀ ਕੋਈ ਜ਼ਾਤ ਨਹੀਂ ਰਹਿ ਜਾਂਦੀ। ਇਸੇ ਲਈ ਸਿੱਖ ਨੂੰ ਆਪਣੇ ਨਾਮ ਦੇ ਨਾਲ ਜ਼ਾਤ ਸੂਚਕ ਸ਼ਬਦ ਲਗਾਉਣ ਦੀ ਮਨਾਹੀ ਕੀਤੀ ਗਈ ਹੈ। ਸਾਨੂੰ, ਆਪਣੇ ਅੰਦਰ ਇਕ ਵਾਰ ਝਾਤ ਮਾਰਨੀ ਚਾਹੀਦੀ ਹੈ ਕਿ ਕਿਤੇ ਅਸੀਂ ਆਪਣੇ ਨਾਮ ਨਾਲ ਜ਼ਾਤ ਸੂਚਕ ਸ਼ਬਦ ਲਗਾ ਕੇ ਗੁਰੂ ਸਾਹਿਬਾਨ ਦੀ ਅਵੱਗਿਆ ਤਾਂ ਨਹੀਂ ਕਰ ਰਹੇ। (ਸਿੱਖ ਸ਼ਹਾਦਤ)



www.AKJ.Org

ਆਰ. ਐਸ. ਐਸ. ਵੱਲੋਂ ਸਿੱਖ ਧਰਮ ਬਾਰੇ ਪਾਏ ਜਾ ਰਹੇ ਭੁਲੇਖਿਆ ਦੇ ਪ੍ਰਸੰਗ 'ਚ

# ਕੁਝ ਸਵਾਲ ਇਹ ਵੀ

(ਜਸਪਾਲ ਸਿੰਘ -ਚੈਅਰਮੈਨ ਹਿਊਮਨ ਰਾਈਟਸ ਐਂਡ ਡੈਮੋਕਰੇਸੀ ਫੋਰਮ ਮੁਹਾਲੀ)

ਰਾਸ਼ਟਰੀ ਸਵੱਮ ਸੇਵਕ (ਆਰ. ਐਸ. ਐਸ.) ਵੱਲੋਂ ਗੁਰੂ ਗੋਬਿੰਦ ਸਿੰਘ ਜੀ ਬਾਰੇ ਅੱਜ ਕਲ੍ਹ ਇੱਕ ਕਿਤਾਬਚਾ ਵੱਡੀ ਪੱਧਰ 'ਤੇ ਪੰਜਾਬ ਵਿਚ ਵੰਡਿਆ ਜਾ ਰਿਹਾ ਹੈ। ਇਹ ਕਿਤਾਬਚਾ ਪ੍ਰਸ਼ਨ-ਉਤਰ ਦੀ ਸ਼ਕਲ ਵੱਚ ਤਿਆਰ ਕੀਤਾ ਗਿਆ ਹੈ। ਇਸ ਵਿੱਚ ਨਿੱਕੇ ਨਿੱਕੇ ਸਵਾਲ ਹਨ ਤੇ ਨਿੱਕੇ ਨਿੱਕੇ ਉਨ੍ਹਾਂ ਦੇ ਜਵਾਬ। ਕੁੱਝ ਸਵਾਲ ਕੇਵਲ ਸਾਧਾਰਨ ਜਾਣਕਾਰੀ ਵਾਲੇ ਹਨ। ਉਹਨਾਂ ਉਤੇ ਕੋਈ ਕਿੰਤੂ ਪ੍ਰੰਤੂ ਵੀ ਨਹੀਂ ਕੀਤਾ ਜਾ ਸਕਦਾ। ਪਰ ਕੁਝ ਸਵਾਲ ਭੁਲੇਖੇ ਪਾਉਣ ਵਾਲੇ ਹਨ। ਸਿਖ ਧਰਮ ਦੇ ਸਿਧਾਤਕ ਰਾਖਿਆਂ ਨੂੰ ਹੀ ਪਤਾ ਲੱਗ ਸਕਦਾ ਹੈ ਕਿ ਭੁਲੇਖੇ ਪਾਉਣ ਵਾਲੇ ਸਵਾਲ-ਜੁਆਬ ਜਾਣ ਬੁੱਝ ਕੇ ਤਿਆਰ ਕੀਤੇ ਗਏ ਹਨ। ਗੁਰੂ ਸਾਹਿਬ ਦੀ ਸਖਸ਼ੀਅਤ ਅਤੇ ਉਨ੍ਹਾ ਦੇ ਰੋਲ ਅਤੇ ਉਨ੍ਹਾਂ ਨਾਲ ਜੁੜੇ ਵਿਅਕਤੀਆ ਤੇ ਰਾਜਸੀ ਤਾਕਤਾਂ ਦੇ ਰੋਲ ਬਾਰੇ ਇੱਕ ਪੱਖੀ ਜਾਣਕਾਰੀ ਦਿੱਤੀ ਗਈ ਹੈ ਜਦ ਕਿ ਹੋਰ ਬਹੁਤ ਸਾਰੇ ਅਹਿਮ ਤੇ ਇਤਿਹਾਸਕ ਪੱਖ ਬੜੀ ਸਿਆਣਪ ਨਾਲ ਲੁਕੋ ਲਏ ਗਏ ਹਨ। ਕੁਝ ਮਿਸਾਲਾ ਦਸਮ ਗ੍ਰੰਥ ਦੀਆ ਉਨ੍ਹਾ ਰਚਨਾਵਾਂ ਵਿਚੋਂ ਲਈਆਂ ਗਈਆ ਹਨ ਜੋ ਵਿਵਾਦਗ੍ਰਸਤ ਹਨ ਅਤੇ ਇਨ੍ਹਾਂ ਨੂੰ ਖਾਲਸਾ ਪੰਥ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਨਹੀਂ ਮੰਨਿਆ। ਕਿਤਾਬਚੇ ਵਿੱਚ ਇਹ ਪ੍ਰਭਾਵ ਦਿੱਤਾ ਗਿਆ ਹੈ ਜਿਵੇਂ ਖਾਲਸਾ ਪੰਥ ਹਿੰਦੂ ਧਰਮ ਦੀ ਰੱਖਿਆ ਲਈ ਹੀ ਪੈਦਾ ਹੋਇਆ ਸੀ। ਆਰ. ਐਸ. ਐਸ. ਵੱਲੋਂ ਪਹਿਲੇ ਕਿਤਾਬਚੇ ਤੋਂ ਪਿਛੋਂ ਹੁਣ ਇਕ ਹੋਰ ਕਿਤਾਬਚਾ ਵੀ ਵੰਡਿਆ ਜਾ ਰਿਹਾ ਹੈ।

ਬਹੁਤ ਸਾਰੇ ਸਿੱਖ ਵੀ ਲੋੜੀਂਦੀ ਜਾਣਕਾਰੀ ਨਾ ਹੋਣ ਕਾਰਨ ਇਹਨਾ ਕਿਤਾਬਚਿਆ ਵਿਚਲੀਆਂ ਲਿਖਤਾਂ ਦੇ ਪ੍ਰਭਾਵ ਹੇਠ ਆ ਜਾਂਦੇ ਹਨ। ਸੋ ਸਿੱਖ ਧਰਮ ਪ੍ਰਤੀ ਅਤੇ ਵਾਪਰੀਆਂ ਘਟਨਾਵਾਂ ਦੇ ਸਬੰਧ ਵਿਚ ਕੁਝ ਸਵਾਲ ਅਤੇ ਉਹਨਾ ਦੇ ਜਵਾਬ ਲਿਖੇ ਗਏ ਹਨ। ਆਸ ਹੈ ਹਰ ਥਾ ਤੇ ਬੈਠੇ ਸਿੱਖੀ ਸੋਚ ਵਾਲੇ ਵੀਰਾ ਭੈਣਾ ਨੂੰ ਪੇਸ਼ ਆ ਰਹੀ ਚੁਣੌਤੀਆਂ ਬਾਰੇ ਇਸ ਤੋਂ ਸਹੀ, ਸੰਤੁਲਿਤ, ਸਰਵਪੱਖੀ ਅਤੇ ਗੰਭੀਰ ਜਾਣਕਾਰੀ ਮਿਲ ਸਕੇਗੀ।

ਅਸਾ ਇਹਨਾਂ ਸਵਾਲ ਜਵਾਬਾਂ ਨੂੰ ਆਰ. ਐਸ. ਐਸ. ਵੱਲੋਂ ਵੰਡੇ ਜਾ ਰਹੇ ਕਿਤਾਬਚਿਆ ਨੂੰ ਧਿਆਨ ਵਿਚ ਰੱਖ ਕੇ ਲਿਖਿਆ ਹੈ ਅਤੇ ਸਿਖ ਹੱਕਾ ਲਈ ਕੀਤੇ ਗਏ ਸੰਘਰਸ਼ ਬਾਰੇ ਅਤੇ ਹਾਲ ਵਿਚ ਹੀ ਵਾਪਰੀਆਂ ਦੁਖਦਾਈ ਘਟਨਾਵਾਂ ਬਾਰੇ ਸਹੀ, ਨਿਰਪੱਖ ਤੇ ਤੱਥ ਆਧਾਰਿਤ ਜਾਣਕਾਰੀ ਦੇਣ ਦਾ ਸੁਹਿਰਦ ਅਤੇ ਗੰਭੀਰ ਯਤਨ ਕੀਤਾ ਹੈ। ਕੋਸ਼ਿਸ਼ ਇਹੀ ਰਹੀ ਹੈ ਕਿ ਜਵਾਬ ਦੇਣ ਸਮੇਂ ਕਿਸੇ ਵੀ ਧਰਮ ਦੀ ਭਾਵਨਾਂ ਨੂੰ ਰਤਾ ਵੀ ਠੇਸ ਨਾ ਪੁੱਜੇ ਪਰ ਨਾਲ ਦੀ ਨਾਲ ਇਤਿਹਾਸਕ ਤੱਥਾਂ ਨੂੰ ਛੁਪਾਇਆ ਵੀ ਨਾ ਜਾਵੇ।

ਪ੍ਰਸ਼ਨ : ਉਹ ਕਿਹੜਾ ਵਿਅਕਤੀ ਸੀ ਜਿਸ ਨੇ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੀ ਸਖਸ਼ੀਅਤ ਵਿਚੋਂ ਗੁਰੂ ਹੋਣ ਦੀ ਪਹਿਚਾਣ ਕੀਤੀ ?

ਉਤਰ : ਲੋਧੀ ਬੰਸ ਦਾ ਭੱਟੀ ਮੁਸਲਮਾਨ ਰਾਏ ਬੁਲਾਰ।

ਪ੍ਰਸ਼ਨ : ਜੱਗ ਨੂੰ ਤਾਰਨ ਦੀ ਮੁਹਿੰਮ ਵਿੱਚ ਗੁਰੂ ਨਾਨਕ ਦੇਵ ਜੀ ਦਾ ਪਹਿਲਾ ਸਾਥੀ ਕੌਣ ਸੀ ?

ਉਤਰ : ਮੁਸਲਮਾਨ ਮਿਰਾਸੀ ਭਾਈ ਮਰਦਾਨਾ ਜੋ 54 ਸਾਲ ਗੁਰੂ ਜੀ ਦੇ ਨਾਲ ਰਿਹਾ।

ਪ੍ਰਸ਼ਨ : ਉਹ ਕਿਹੜਾ ਪਹਿਲਾ ਵਿਅਕਤੀ ਸੀ ਜਿਸ ਨੂੰ ਸਿੱਖ ਧਰਮ ਵਿੱਚ ਭਾਈ ਹੋਣ ਦਾ ਰੁਤਬਾ ਮਿਲਿਆ ?

ਉਤਰ : ਮਰਦਾਨਾ।

ਪ੍ਰਸ਼ਨ : ਭਾਰਤੀ ਸਾਹਿਤ ਵਿੱਚ 'ਹਿੰਦੁਸਤਾਨ' ਸ਼ਬਦ ਦੀ ਸਭ ਤੋਂ ਪਹਿਲੀ ਵਰਤੋਂ ਕਿਸ ਨੇ ਕੀਤੀ ਅਤੇ ਕਿੱਥੇ?

ਉਤਰ : ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਹਮਲੇ ਸਮੇਂ ਆਪਣੇ ਇੱਕ ਸ਼ਬਦ ਵਿੱਚ ਕੀਤੀ ਜੋ ਗੁਰੂ ਗ੍ਰੰਥ ਸਾਹਿਬ ਵਿੱਚ ਇਉਂ ਦਰਜ ਹੈ :

"ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ
ਆਪੈ ਦੋਸੁ ਨ ਦੇਈ ਕਰਤਾ ਜਮ ਕਰਿ ਮੁਗਲੁ ਚੜਾਇਆ।
ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦੁ ਨ ਆਇਆ।"

ਪ੍ਰਸ਼ਨ : ਗੁਰੂ ਨਾਨਕ ਸਾਹਿਬ ਨੇ ਬਾਬਰ ਦੀ ਫੌਜ ਨੂੰ ਕੀ ਨਾਂਅ ਦਿੱਤਾ ?

ਉਤਰ : ਪਾਪ ਕੀ ਜੰਝ



www.AKJ.Org

ਪ੍ਰਸ਼ਨ : ਪੰਜਾਬ ਵਿੱਚ ਗੁਰੂ ਨਾਨਕ ਸਾਹਿਬ ਦੇ ਨਾਂਅ ਤੇ ਬਣੀ ਯੂਨੀਵਰਸਿਟੀ ਕਿਥੇ ਹੈ ?

ਉਤਰ : ਅੰਮ੍ਰਿਤਸਰ ਵਿੱਚ।

ਪ੍ਰਸ਼ਨ : ਉਹ ਕਿਹੜੀ ਰਾਜਸੀ ਪਾਰਟੀ ਸੀ ਜੋ ਜਲੰਧਰ, ਅੰਮ੍ਰਿਤਸਰ, ਕਪੂਰਥਲਾ ਤੇ ਗੁਰਦਾਸਪੁਰ ਜ਼ਿਲਿਆ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਨਾਲ ਜੋੜਨ ਦੇ ਫੈਸਲੇ ਦੇ ਖ਼ਿਲਾਫ਼ ਉਸ ਵੇਲੇ ਦੀ ਅਕਾਲੀ ਸਰਕਾਰ ਤੋਂ ਅਸਤੀਫ਼ਾ ਦੇ ਕੇ ਬਾਹਰ ਆਈ ?

ਉਤਰ : ਜਨ ਸੰਘ ਪਾਰਟੀ ਜਿਸ ਨੂੰ ਅੱਜ ਕਲ੍ਹ ਭਾਰਤੀ ਜਨਤਾ ਪਾਰਟੀ ਕਿਹਾ ਜਾਂਦਾ ਹੈ।

ਪ੍ਰਸ਼ਨ : ਉਹ ਕਿਹੜਾ ਵਿਅਕਤੀ ਸੀ ਜਿਸ ਨੇ ਸਿਖਾਂ ਦੇ ਸਰਵਉਚ ਧਾਰਮਿਕ ਅਸਥਾਨ ਦਰਬਾਰ ਸਾਹਿਬ ਦੀ ਨੀਂਹ ਰੱਖੀ?

ਉਤਰ : ਮੁਸਲਮਾਨ ਸੂਫੀ ਫ਼ਕੀਰ ਸਾਂਈ ਮੀਆਂ ਮੀਰ ।

ਪ੍ਰਸ਼ਨ : ਕਿਸੇ ਹੋਰ ਧਰਮ ਨਾਲ ਸਬੰਧਿਤ ਉਹ ਕਿਹੜਾ ਵਿਅਕਤੀ ਸੀ ਜੋ ਪੰਚਮ ਪਾਤਸ਼ਾਹ ਨੂੰ ਸਰੀਰਕ ਤਸੀਹੇ ਦੇਣ ਉਤੇ ਸਭ ਤੋਂ ਵੱਧ ਦੁਖੀ ਹੋਇਆ? ਉਸ ਨੇ ਉਸ ਸਮੇਂ ਕੀ ਟਿਪਣੀ ਕੀਤੀ ? ਗੁਰੂ ਸਾਹਿਬ ਨੇ ਕੀ ਉਤਰ ਦਿੱਤਾ?

ਉਤਰ : ਸਾਂਈ ਮੀਆਂ ਮੀਰ। ਉਸ ਨੇ ਗੁਰੂ ਅਰਜਨ ਦੇਵ ਜੀ ਨੂੰ ਕਿਹਾ ਕਿ ਆਖੋ ਤਾਂ ਦਿੱਲੀ ਤੇ ਲਾਹੌਰ ਦੀ ਇੱਟ ਨਾਲ ਇੱਟ ਖੜਕਾ ਦਿਆਂ ਪਰ ਗੁਰੂ ਸਾਹਿਬ ਨੇ ਉਸ ਨੂੰ ਰੱਬ ਦੇ ਭਾਣੇ ਨੂੰ ਮਿਠਾ ਕਰਕੇ ਮੰਨਣ ਦਾ ਉਪਦੇਸ਼ ਦਿੱਤਾ।

ਪ੍ਰਸ਼ਨ : ਗੁਰੂ ਅਰਜਨ ਦੇਵ ਜੀ ਨੂੰ ਸਰੀਰਕ ਤਸੀਹੇ ਦੇਣ ਵਿੱਚ ਕਿਸ ਵਿਅਕਤੀ ਦਾ ਰੋਲ ਅਹਿਮ ਸੀ ?

ਉਤਰ : ਪੰਜਾਬੀ ਹਿੰਦੂ ਚੰਦੂ ਜੋ ਜਹਾਂਗੀਰ ਦੇ ਰਾਜ ਵਿੱਚ ਮਾਲ ਮਹਿਕਮੇ ਵਿਚ ਅਫ਼ਸਰ ਸੀ। *(ਚਲਦਾ)*

(ਪੰਨਾ ੩੪ ਦਾ ਬਾਕੀ ..)

ਦਾ ਕਿਲ੍ਹਾ ੨੨ ਜਨਵਰੀ ਸੰਨ ੧੮੪੯ ਈ. ਨੂੰ ਖੋਹ ਲਿਆ।

ਜਨਵਰੀ ੨੬ (ੳ) ਰੀਪਬਲਿਕ ਡੇ-੧੯੫੦ਵਿੱਚ ਇਸ ਦਿਹਾੜੇ ਹਿੰਦੁਸਤਾਨ ਦਾ ਆਪਣਾ ਵਿਧਾਨ ਲਾਗੂ ਕੀਤਾ ਗਿਆ। ਪਹਿਲੋਂ ੧੯੨੯ ਵਿੱਚ ਇਸੇ ਦਿਨ ਪੰਡਿਤ ਜਵਾਹਰ ਲਾਲ ਨਹਿਰੂ ਦੀ ਪ੍ਰਧਾਨਗੀ ਹੇਠ ਇੰਡੀਅਨ ਨੈਸ਼ਨਲ ਕਾਂਗਰਸ ਨੇ ਰਾਵੀ ਦੇ ਕੰਢੇ ਲਾਹੌਰ ਪੂਰਨ ਸਵਰਾਜ ਹਾਸਲ ਕਰਣ ਦਾ ਹਲਫ ਲਿਆ ਸੀ। ਇਸ ਆਜ਼ਾਦੀ ਦੀ ਲਹਿਰ ਵਿੱਚ ਸਿੱਖਾਂ ਨੇ ਵਿਸ਼ੇਸ਼ ਤੇ ਸਭ ਤੋਂ ਵੱਧ ਹਿੱਸਾ ਪਾਇਆ।

(ਅ) ੧੯੨੧ ਵਿੱਚ ਸ੍ਰੀ ਤਰਨਤਾਰਨ ਸਾਹਿਬ ਦੇ ਇਤਿਹਾਸਕ ਗੁਰਦੁਆਰੇ ਕਾਫੀ ਜੱਦੋ-ਜਹਿਦ ਅਤੇ ਪੁਜਾਰੀਆਂ ਵਿਰੁੱਧ ਲਗਾਏ ਮੋਰਚੇ ਪਿੱਛੋਂ ਸਿੱਖ ਪੰਥ ਦੇ ਪ੍ਰਬੰਧ ਹੇਠ ਆਏ। ਇਸ ਜੱਦੋ-ਜਹਿਦ ਵਿੱਚ ਭਾਈ ਹਾਕਿਮ ਸਿੰਘ ਵਸਾਊ ਕੋਟ, ਜ਼ਿਲਾ ਗੁਰਦਾਸਪੁਰ ਅਤੇ ਸਰਦਾਰ ਹਜ਼ਾਰਾ ਸਿੰਘ ਅਲਦੀਨਪੁਰ ਸ਼ਹੀਦ ਹੋਏ

(ੲ) ਜਨਮ ਦਿਹਾੜਾ ਬਾਬਾ ਦੀਪ ਸਿੰਘ ਜੀ ਸ਼ਹੀਦ (੧੬੮੨)।

ਜਨਵਰੀ ੨੮ (ੳ) ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਚੌਥੀ ਉਦਾਸੀ (੧੫੧੮-੨੦) ਦੇ ਦੌਰਾਨ ਮੱਕੇ (੧੫੨੦) ਪਹੁੰਚੇ ਅਤੇ ਅੱਲ੍ਹਾਹ ਹਰ ਥਾਂ ਮੌਜੂਦ ਦਾ ਅਹਿਸਾਸ ਕਾਜ਼ੀਆ ਨੂੰ ਮੱਕਾ ਫੇਰ ਕੇ ਕਰਾਇਆ। ਭਾਈ ਮਰਦਾਨਾ ਜੀ ਰਬਾਬੀ ਵੀ ਇਨ੍ਹਾ ਦੇ ਨਾਲ ਸਨ।

(ਅ) ਸਿੱਖਾਂ ਤੇ ਅੰਗਰੇਜ਼ਾਂ ਦੀ ਲੜਾਈ-੧੮੪੬ ਈ. ਨੂੰ ਪਿੰਡ ਅਲੀਵਾਲ, ਤਹਿਸੀਲ ਜਗਰਾਉਂ, ਜ਼ਿਲ੍ਹਾ ਲੁਧਿਆਣਾ ਵਿਖੇ ਹੋਈ, ਜਿਸ ਵਿੱਚ ਘਰ ਦੀ ਫੁੱਟ ਦੇ ਕਾਰਨ ਸਿੱਖਾਂ ਦਾ ਬੜਾ ਭਾਰੀ ਨੁਕਸਾਨ ਹੋਇਆ।

(ੲ) ਸ੍ਰੀ ਅੰਮ੍ਰਿਤਸਰ ਦਾ ਚਾਰ ਸੌ ਸਾਲਾ ਸਥਾਪਨਾ ਦਿਵਸ ਵਿਸ਼ਵ ਭਰ ਤੇ ਸਿੱਖਾਂ ਨੇ ਐਲਬਰਟ ਹਾਲ ਵਿੱਚ (੧੯੭੮) ਨੂੰ ਮਨਾਇਟਾ। ਜੱਥੇਦਾਰ ਗੁਰਚਰਨ ਸਿੰਘ "ਟੌਹੜਾ" ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਚੇਚੇ ਤੌਰ ਤੇ ਪੁੱਜੇ। ਕੌਮ ਦੀ ਚੜ੍ਹਦੀ ਕਲਾ ਦੇ ਨਜ਼ਾਰੇ ਦੇਖਣ ਵਾਲੇ ਸਨ।

ਜਨਵਰੀ ੨੯ ੫੦੦ ਅਕਾਲੀ ਸੂਰਬੀਰਾਂ ਦਾ ਚੌਦਵਾਂ ਸ਼ਹੀਦੀ ਜੱਥਾ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਦੀ ਜੱਥੇਦਾਰੀ ਵਿੱਚ ਜੈਤੋ ਪੁੱਜਣ ਤੇ ਗ੍ਰਿਫਤਾਰ ਕੀਤਾ ਗਿਆ (੧੯੨੫)

ਜਨਵਰੀ ੩੧ (ੳ) ਗੁਰਦੁਆਰਾ ਗੁਰੂ ਕੇ ਬਾਗ ਦਾ ਪ੍ਰਬੰਧ ਲੰਬੀ ਜਦੋ-ਜਹਿਦ ਤੇ ਕੁਰਬਾਨੀਆਂ ਤੋਂ ਮਗਰੋਂ ੧੯੨੨ ਵਿਚ ਮਹੰਤ ਸੁੰਦਰ ਦਾਸ ਦੇ ਹੱਥੋਂ ਖੁੱਸ ਕੇ ਪੰਥਕ ਪ੍ਰਬੰਧ ਹੇਠ ਆ ਗਿਆ।

(ਅ) ਸੰਤ ਅਤਰ ਸਿੰਘ ਜੀ ਦਾ ਅਕਾਲ ਚਲਾਣਾ (੧੯੨੭ ਈ.)।



www.AKJ.Org

## ਸਿੱਖ ਇਤਿਹਾਸ ਵਿਚੋਂ ਜਨਵਰੀ ਮਹੀਨੇ ਵਿੱਚ ਕੁੱਝ ਮਹੱਤਵਪੂਰਨ ਦਿਹਾੜੇ

ਜਨਵਰੀ ੨ ਕਨੇਡਾ ਦੇ ਸਿੰਘਾਂ ਦਾ ਸ਼ਹੀਦੀ ਜੱਥਾਂ ਜੈਤੋ ਦੇ ਮੋਰਚੇ ਨੂੰ ਫਤਹਿ ਕਰਨ ਹਿਤ ੧੯੨੫ ਈ: ਵਿੱਚ ਸ੍ਰੀ ਅਕਾਲ ਤਖਤ ਸਾਹਿਬ ਤੋਂ ਚਲਿਆ। ਇਸ ਲਹਿਰ ਵਿੱਚ ਹਿੱਸਾ ਲੈਣ ਲਈ ਸਿੰਘ ਹੋਰ ਵੀ ਕਈਆਂ ਦੇਸ਼ਾਂ ਤੋਂ ਪੰਜਾਬ ਆਏ ਸਨ।

ਜਨਵਰੀ ੩ (ੳ) ਸ੍ਰੀ ਦਰਬਾਰ ਸਾਹਿਬ ਦੀ ਨੀਂਹ ਸਾਈਂ ਮੀਆਂ ਮੀਰ ਜੀ ਨੇ ਰੱਖੀ (੧੫੮੮).
(ਅ) ਐਲਬਰਟ ਹਾਲ (ਲੰਡਨ) ਵਿਖੇ (੧੯੭੬) ਜੱਥੇਦਾਰ ਗੁਰਚਰਨ ਸਿੰਘ 'ਟੌਹੜਾ' ਦੀ ਪ੍ਰੇਰਨਾ ਸਦਕਾ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਤਿੰਨ ਸੌ ਸਾਲਾ ਸ਼ਹੀਦੀ ਸਮਾਗਮ ਸਮੂਹ ਸੰਸਾਰ ਦੇ ਸਿੱਖਾ ਨੇ ਬੜੇ ਉਤਸ਼ਾਹ ਨਾਲ ਮਨਾਇਆ।

ਜਨਵਰੀ ੪ ਗੁਰਬਚਨ ਸਿੰਘ (ਨਿਰੰਕਾਰੀ) ਨੂੰ ਤੇਰ੍ਹਾਂ ਸਿੰਘਾ ਦੇ ਕਤਲ ਦੇ ਦੋਸ਼ ਤੋਂ ਕਰਨਾਲ ਸ਼ੈਸ਼ਨ ਜੱਜ ਨੇ ਬਰੀ ਕੀਤਾ। ਸਿੱਖਾਂ ਦਾ ਵਿਸ਼ਵਾਸ ਅਦਾਲਤ ਤੋਂ ਉਠ ਗਿਆ (੧੯੮੨ ਈ:)

ਜਨਵਰੀ ੫ ਗੁਰਦੁਆਰਾ ਭਾਈ ਫੇਰੂ (ਲਾਹੌਰ) ਦਾ ਮੋਰਚਾ ੧੯੨੪ ਈ: ਨੂੰ ਅਰੰਭ ਹੋਇਆ।

ਜਨਵਰੀ ੬ (ੳ) ਜੱਥੇਦਾਰ ਗੁਰਚਰਨ ਸਿੰਘ 'ਟੌਹੜਾ' ਪਹਿਲੀ ਵਾਰੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ (੧੯੭੩ ਈ:)।
(ਅ) ਸ਼ਹੀਦੀ ਭਾਈ ਸਤਵੰਤ ਸਿੰਘ ਜੀ, ਭਾਈ ਕੇਹਰ ਸਿੰਘ ਜੀ, ਜਿਹਨਾਂ ਨੂੰ ਇਨਸਾਫ, ਵਿਧਾਨ ਰਾਸ਼ਟਰੀ ਕਾਨੂੰਨਾ ਅਤੇ ਮਾਨਵਵਾਦੀ ਕਦਰਾਂ ਕੀਮਤਾਂ ਨੂੰ ਛਿੱਕੇ ਤੇ ਟੰਗ ਕੇ ਸਮੇਂ ਦੀ ਸਰਕਾਰ ਨੇ ਫਾਂਸੀ ਦਿੱਤੀ।( ੧੯੮੯ ਈ:)

ਜਨਵਰੀ ੭ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਚੋਂ ਸ਼੍ਰੋਮਣੀ ਕਮੇਟੀ ਦੇ ੬੨ ਮੈਂਬਰਾਂ ਦੇ ਦੂਜੇ ਜੱਥੇ ਨੂੰ ੧੯੨੪ ਈ: ਵਿੱਚ ਗ੍ਰਿਫਤਾਰ ਕਰਕੇ ੧੯੦੮ ਦੇ ਐਕਟ ਦੇ ਜਰ ਦਫਾ ੧੭ ਏ ਤੇ ਬੀ. ਅਨੁਸਾਰ ਗਵਰਨਰ ਪੰਜਾਬ ਦੇ ਉਚੇਚੇ ਫੁਰਮਾਨ ਮੁਤਾਬਿਕ ਸਜ਼ਾਵਾਂ ਅਤੇ ੧੯੨੫ ਈ: ਵਿੱਚ ਮੋਰਚਾ ਸਮਾਪਤ ਹੋਣ ਉਪਰੰਤ ਰਿਹਾਈ ਕੀਤੀ।

ਜਨਵਰੀ ੮ ਬਾਬਾ ਆਲਾ ਸਿੰਘ ਜੀ ਰਿਆਸਤ ਪਟਿਆਲਾ ਦੇ ਮੋਢੀ ਬਾਬਾ ਰਾਮ ਸਿੰਘ ਜੀ ਦੇ ਘਰ ਪਿੰਡ ਫੂਲ ਵਿਖੇ ਜਨਮ ਹੋਇਆ। ਬਰਨਾਲਾ, ਲੋਗੋਂਵਾਲ, ਸੁਨਾਮ, ਬਠਿੰਡਾ ਤੇ ਪਟਿਆਲਾ ਇਨ੍ਹਾਂ ਦੇ ਰਾਜ ਵਿੱਚ ਸ਼ਾਮਿਲ ਸਨ। ੨੨ ਅਗਸਤ ਸੰਨ ੧੭੬੫ ਈ. ਨੂੰ ਇਨ੍ਹਾਂ ਦਾ ਅਕਾਲ ਚਲਾਣਾ ਪਟਿਆਲਾ ਵਿਖੇ ਹੋਇਆ।

ਜਨਵਰੀ ੧੧ ਮਹਾਰਾਜਾ ਸ਼ੇਰ ਸਿੰਘ ਅਤੇ ਕਾਬਲ ਦੇ ਹੁਕਮਰਾਨ, ਦੋਸਤ ਮੁਹੰਮਦ ਖਾਨ ਦੀ ਮੁਲਾਕਾਤ, ੧੮੪੩ ਈ. ਨੂੰ ਹੋਈ ਅਤੇ ਦੋਸਤੀ ਦਾ ਸੰਧੀਨਾਮਾ ਲਿਖਿਆ ਗਿਆ।

ਜਨਵਰੀ ੧੩ ਚੇਲਿਆ ਵਾਲੀ ਦੀ ਜੰਗ-ਸਿੱਖਾਂ ਅਤੇ ਅੰਗਰੇਜ਼ਾਂ ਵਿੱਚਕਾਰ ੧੮੪੯ ਨੂੰ ਚੇਲਿਆ ਵਾਲੀ ਜ਼ਿਲਾ ਗੁਜਰਾਤ (ਪਾਕਿਸਤਾਨ) ਦੇ ਮੈਦਾਨ ਵਿੱਚ ਲੜਾਈ ਹੋਈ ਤੇ ਅੰਤ ਨੂੰ ਸਿੰਘਾਂ ਨੇ ਮੈਦਾਨ ਮਾਰ ਲਿਆ ਪਰ ਪੂਰਨ ਫਤਹਿ ਨਸੀਬ ਨਾ ਹੋ ਸਕੀ।

ਜਨਵਰੀ ੧੪ (ੳ) ਮੇਲਾ ਮਾਘੀ ਸ੍ਰੀ ਮੁਕਤਸਰ ਸਾਹਿਬ ਸ੍ਰੀ ਮੁਕਤਸਰ ਸਾਹਿਬ ਦੇ ਇਤਿਹਾਸਕ ਗੁਰਦੁਆਰੇ ਦੇ ਸਥਾਨ ਦਾ ਨਾਮ ਖਿਦਰਾਨਾ ਸੀ ਅਤੇ ਸਰੋਵਰ ਦੀ ਥਾ ਇਕ ਢਾਬ ਹੁੰਦੀ ਸੀ। ਸੰਮਤ ੧੭੬੨ ਵਿੱਚ, ਗੁਰੂ ਗੋਬਿੰਦ ਸਿੰਘ ਜੀ ਦਾ ਪਿੱਛਾ ਕਰਦੀਆਂ ਮੁਗਲ ਫੌਜਾਂ ਇਥੇ ਪਹੁੰਚੀਆਂ ਤਾਂ ੪੦ ਸਿੰਘਾਂ ਨੇ ਅਜਿਹੀ ਬੀਰਤਾ ਤੇ ਦ੍ਰਿੜ੍ਹਤਾ ਨਾਲ ਲੜਾਈ ਕੀਤੀ ਕਿ ਉਨ੍ਹਾਂ ਮੁਗਲ ਫੌਜਾਂ ਨੂੰ ਠੱਲ ਪਾ ਦਿੱਤੀ ਅਤੇ ਅੰਤ ਨੂੰ ਜੂਝਦੇ ਹੋਏ ਸ਼ਹੀਦੀਆਂ ਪਾ ਗਏ। ਇਹ ਉਹ ਸਿੰਘ ਸਨ ਜਿਨ੍ਹਾ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਅਨੰਦਪੁਰ ਛੱਡਣ ਤੋਂ ਪਹਿਲਾ ਘੇਰੇ ਸਮੇਂ ਸਾਥ ਛੱਡ ਦਿੱਤਾ ਸੀ ਤੇ ਗੁਰੂ ਸਾਹਿਬ ਨੂੰ ਇਨ੍ਹਾਂ ਨੇ ਬੇਦਾਵਾ ਲਿਖ ਦਿੱਤਾ ਸੀ। ਪਰੰਤੂ ਇਸ ਮਹਾਨ ਕੁਰਬਾਨੀ ਉਪਰੰਤ ਮਾਈ ਭਾਗੋ ਦੀ ਤੇ ਭਾਈ ਮਹਾਂ ਸਿੰਘ ਜੀ ਦੇ ਬੇਨਤੀ ਕਰਨ ਤੇ ਗੁਰੂ ਸਾਹਿਬ ਨੇ ਬੇਦਾਵਾ ਪਾੜ ਦਿੱਤਾ। ਇਸ ਢਾਬ ਦੇ ਅਸਥਾਨ ਤੇ ਸ੍ਰੀ ਮੁਕਤਸਰ ਸਾਹਿਬ ਦਾ ਸਰੋਵਰ ਬਣਿਆ ਜਿਥੇ ੪੦ ਮੁਕਤਿਆਂ ਦੀ ਇਸ ਇਤਿਹਾਸਕ ਯਾਦਗਾਰ ਵਜੋਂ ਹਰ ਸਾਲ ਮਾਘੀ ਨੂੰ ਬੜਾ ਭਾਰੀ ਮੇਲਾ ਲਗਦਾ ਹੈ।
(ਅ) ਸਰਹਿੰਦ ਦੀ ਫਤਹਿ (੧੭੬੪ ਈ.) ਸਿਖਾ ਨੂੰ ਸਰਹਿੰਦ ਨੂੰ ਜਿੱਥੇ, ਛੋਟੇ ਸਾਹਿਬਜ਼ਾਦੇ ਨੀਹਾਂ ਵਿੱਚ ਚਿਣਾਏ ਗਏ ਸਨ, ਫਤਹਿ ਕੀਤਾ ਅਤੇ ਅਹਿਮਦ ਸ਼ਾਹ ਅਬਦਾਲੀ ਹੱਥੋਂ ਸ੍ਰੀ ਹਰਿਮੰਦਰ ਸਾਹਿਬ ਨੂੰ ਬਰੂਦ ਨਾਲ ਉਡਾਉਣ ਦਾ ਜਵਾਬ ਦੇਣ ਹਿਤ ਸਰਹਿੰਦ ਦੀ ਇੱਟ ਨਾਲ ਇੱਟ ਵਜਾ ਦਿੱਤੀ।
(ਈ) ਰਕਾਬ ਗੰਜ ਦੀ ਕੰਧ ਢਾਹੁਣ ਤੇ ਪੰਥ ਵਿੱਚ ਗੁੱਸੇ ਦੀ ਲਹਿਰ (੧੯੧੪ ਈ.)।
(ਸ) ਅਕਾਲੀ ਫੂਲਾ ਸਿੰਘ ਦਾ ਜਨਮ ਦਿਨ।

ਜਨਵਰੀ ੧੬ ਪ੍ਰਕਾਸ਼ ਦਿਵਸ ਗੁਰੂ ਹਰਿਰਾਏ ਸਾਹਿਬ ਜੀ (੧੬੩੦ ਈ.)।



www.AKJ.Org

ਜਨਵਰੀ ੧੭ (ੳ) ਅਹਿਮਦਸ਼ਾਹ ਅਬਦਾਲੀ ਦੇ ਜਰਨੈਲ ਜਹਾਨ ਖਾਨ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਤੇ ਹੱਲਾ ਕੀਤਾ (੧੭੬੬)। ਸਿੰਘਾਂ ਨੇ ਪੁਤਲੀਘਰ (ਪਿਪਲੀ ਸਾਹਿਬ) ਦੇ ਸਥਾ ਤੇ ਡਟ ਕੇ ਟਾਕਰਾ ਕੀਤਾ ਅਤੇ ਜਹਾਨ ਖਾਨ ਨੂੰ ਤਕੜੀ ਹਾਰ ਦਿੱਤੀ।

(ਅ) ਸਿੱਖ ਫੌਜਾਂ ਨੇ (੧੮੪੬) ਵਿੱਚ ਲੁਧਿਆਣੇ ਤੇ ਧਾਵਾ ਕਰਕੇ ਅੰਗਰੇਜ਼ਾਂ ਦੇ ਫੌਜੀ ਟਿਕਾਣਿਆ ਨੂੰ ਸਾੜ-ਫੂਕ ਦਿੱਤਾ ਅਤੇ ਬਹੁਤ ਨੁਕਸਾਨ ਕੀਤਾ।

(ੲ) ਸਰਕਾਰ ਪੰਜਾਬ ਨੇ ੧੯੨੭ ਈ. ਵਿੱਚ ਇਕ ਨੋਟੀਫਿਕੇਸ਼ਨ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦਾ ਨਾ ਪ੍ਰਵਾਨ ਕੀਤਾ।

(ਸ) ੫੦੦ ਅਕਾਲੀ ਸੂਰਬੀਰਾਂ ਦਾ ਤੇਰ੍ਹਵਾਂ ਸ਼ਹੀਦੀ ਜੱਥਾ ਸਰਦਾਰ ਲੱਖਾ ਸਿੰਘ ਜਹਾਨਸ਼ਾਹ (ਗੁਜਰਾਂ ਵਾਲੇ) ਦੀ ਜਥੇਦਾਰੀ ਵਿੱਚ ਜੈਤੋ ਪੁੱਜਣ ਤੇ ਗ੍ਰਿਫਤਾਰ ਕੀਤਾ ਗਿਆ (੧੯੨੫)।

(ਹ) ਇੰਦਰਾ ਗਾਂਧੀ ਵਲੋਂ ਸੰਨ ੧੯੭੫ ਵਿੱਚ ਲਗਾਈ ਐਮਰਜੈਂਸੀ ਵਿਰੁੱਧ ਲੱਗਾ ਮੋਰਚਾ ਅਕਾਲੀ ਦਲ ਨੇ ਜਿੱਤ ਲਿਆ (੧੯੭੭ ਈ.)

ਜਨਵਰੀ ੧੮ (ੳ) ਮਾਲੇਰ ਕੋਟਲੇ (ਜਮਾਲਪੁਰੇ ਦੇ ਕੱਲਰ ਵਿੱਚ) ਮਿਸਟਰ ਕੂਵਨ ਡਿਪਟੀ ਕਮਿਸ਼ਨਰ ਲੁਧਿਆਣਾ ਦੇ ਹੁਕਮ ਨਾਲ ੫੦ ਨਾਮਧਾਰੀ ਸਿੰਘ ਬਗਾਵਤ ਦੇ ਦੋਸ਼ ਵਿੱਚ ਕਾਤਲ ਕਰਾਰ ਦੇ ਕੇ ਤੋਪਾਂ ਨਾਲ ਉਡਾਏ ਗਏ (੧੮੭੨ ਈ.)।

(ਅ) ਭਾਈ ਹਿੰਮਤ ਸਿੰਘ ਜੀ ਦਾ ਜਨਮ ਦਿਨ-ਪੁਰੀ ਜਗਨਨਾਥ (ਉੜੀਸਾ) ਨਿਵਾਸੀ ਗੁਲਜ਼ਾਰੀ ਝੀਵਰ ਦੇ ਘਰ ਬੀਬੀ ਧੰਨੋ ਦੀ ਕੁੱਖੋਂ ਹੋਇਆ। ਸੰਮਤ ੧੭੫੬ ਵੈਸਾਖੀ ਵਾਲੇ ਦਿਨ ਦਸ਼ਮੇਸ਼ ਪਿਤਾ ਦੀ ਵੰਗਾਰ ਤੇ ਸੀਸ ਭੇਟ ਕੀਤਾ ਤੇ ਪਿਆਰੇ ਕਹਿਲਾਏ ਅਤੇ ਹੱਥੀਂ ਅੰਮ੍ਰਿਤ ਛਕਿਆ। ਚਮਕੌਰ ਵਿਚ ਜੂਝਦੇ ਸੰਨ ੧੭੦੪ ਨੂੰ ਸ਼ਹੀਦ ਹੋਏ।

(ੲ) ਜਥੇਦਾਰ ਬਘੇਲ ਸਿੰਘ ਜੀ ਨੇ ਦਿੱਲੀ ਤੇ ਹਮਲਾ ਕੀਤਾ।

(ਸ) ਬਾਬਾ ਰਾਮ ਸਿੰਘ ਜੀ ਨਾਮਧਾਰੀ ਨੂੰ ਬਗਾਵਤ ਦੇ ਦੋਸ਼ ਵਿੱਚ ੧੮੭੨ ਈ. ਵਿੱਚ ਦੇਸ਼ ਨਿਕਾਲਾ ਦਿੱਤਾ ਗਿਆ।

ਜਨਵਰੀ ੧੯ (ੳ) ਸ੍ਰੀ ਦਰਬਾਰ ਸਾਹਿਬ ਦੀਆਂ ਚਾਬੀਆਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨਬਾਬਾ ਖੜਕ ਸਿੰਘ ਜੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਹਜ਼ੂਰੀ ਵਿੱਚ ਸੱਜੇ ਦੀਵਾਨ ਵਿੱਚ ਸੌਂਪੀਆਂ ਗਈਆਂ।

(ਅ) ਸਰਦਾਰ ਸੇਵਾ ਸਿੰਘ ਜੀ ਠੀਕਰੀਵਾਲਾ ਲੰਮੀ ਭੁੱਖ ਹੜਤਾਲ ਵਜੋਂ ਸ਼ਹੀਦੀ ਪਾ ਗਏ (੧੯੩੫)।

ਜਨਵਰੀ ੨੦ ਬੱਬਰ ਅਕਾਲੀ ਕੇਸ ਦਾ ਫੈਸਲਾ-ਬਰਤਾਨਵੀ ਸਰਕਾਰ ਨੇ ਟੋਡੀਆਂ, ਚੁਗਲਾਂ ਅਤੇ ਸਰਕਾਰੀ ਗਵਾਹਾਂ ਦੇ ਦੋਸ਼ ਵਿੱਚ ੫ ਬੱਬਰ ਅਕਾਲੀਆਂ ਨੂੰ ਫਾਂਸੀ, ੧੧ ਨੂੰ ਉਮਰ ਕੈਦ ਅਤੇ ੩੮ ਨੂੰ ੪-੪ ਸਾਲ ਸਜਾ ਦਾ ਹੁਕਮ ੧੯੨੬ ਵਿੱਚ ਸੁਣਾਇਆ। ਬੱਬਰ ਅਕਾਲੀ, ਲੱਗਪੱਗ ੯੦ ਧਾਰਮਿਕ ਅਤੇ ਉਚੇ ਆਦਰਸ਼ ਵਾਲੇ, ਖੜਗਧਾਰੀ ਦੇਸ਼-ਭਗਤਾਂ ਦਾ ਇਕ ਜੱਥਾ ਸੀ, ਜਿਨ੍ਹਾਂ ਨੇ ਸੁਤੰਤਰਤਾ ਲਈ ਦੁਆਬੇ ਅਤੇ ਮਾਲਵੇ ਵਿੱਚ ਅੰਗਰੇਜ਼ ਸਰਕਾਰ ਦੇ ਭਾਰਤੀ ਪਿੱਠੂਆਂ ਅਤੇ ਦੇਸ਼-ਧਰੋਹੀਆਂ ਨੂੰ ਮਾਰ ਮੁਕਾਉਣ ਦਾ ਦ੍ਰਿੜ੍ਹ ਫੈਸਲਾ ਕੀਤਾ ਹੋਇਆ ਸੀ।

ਜਨਵਰੀ ੨੧ (ੳ) ਬੱਦੋਵਾਲ ਦੀ ਲੜਾਈ-੧੯੪੬ ਈ. ਨੂੰ ਅੰਗਰੇਜ਼ਾਂ ਉਤੇ ਲਾਹੌਰ ਦਰਬਾਰ ਦੀਆਂ ਫੌਜਾਂ ਨੇ ਜਿੱਤ ਪ੍ਰਾਪਤ ਕੀਤੀ।

(ਅ) ਇੰਗਲੈਂਡ ਦੇ ਸ਼ਹਿਨਸ਼ਾਹ ਵਲੋਂ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਨੂੰ ੧੮੩੧ ਈ. ਵਿਚ ਤੁਹਫੇ ਭੇਜੇ ਗਏ।

(ੲ) ਮਹਾਰਾਜਾ ਸ਼ੇਰ ਸਿੰਘ ਜੋ ਮਹਾਰਾਜਾ ਰਣਜੀਤ ਸਿੰਘ ਦਾ ਸਪੁਤ੍ਰ ਸੀ, ਰਾਜ ਸਿੰਘਾਸਨ ਉਤੇ ੨੧ ਜਨਵਰੀ ਸੰਨ ੧੮੪੧ ਈ. ਨੂੰ ਬੈਠਿਆ। ਆਪਦਾ ਜਨਮ ਮਹਾਰਾਣੀ ਮਹਿਤਾਬ ਕੌਰ ਦੀ ਕੁੱਖੋਂ ਸੰਨ ੧੮੦੭ ਈ. ਵਿੱਚ ਹੋਇਆ ਸੀ। ੧੩ ਸਤੰਬਰ ਸੰਨ ੧੮੪੩ ਈ. ਨੂੰ ਆਪਣੇ ਬੇਟੇ ਪ੍ਰਤਾਪ ਸਿੰਘ ਸਮੇਤ ਇਹ ਅਜੀਤ ਸਿੰਘ ਤੇ ਲਹਿਣਾ ਸਿੰਘ ਸੰਧਾਵਾਲੀਏ ਦੇ ਹੱਥੋਂ ਕਤਲ ਹੋਏ।

ਜਨਵਰੀ ੨੨ ਦੀਵਾਨ ਮੂਲ ਰਾਜ ਸਿੱਖ ਰਾਜ ਦੇ ਸਮੇਂ ਮੁਲਤਾਨ ਦਾ ਸੂਬੇਦਾਰ ਸੀ। ਸੰਨ ੧੮੪੮ ਈ. ਵਿੱਚ ਦਰਬਾਰ ਲਾਹੌਰ ਦੇ ਰੈਜੀਡੈਂਟ ਜਾਨ ਲਾਰੰਸ ਨੇ ਇਸ ਨੂੰ ਸੂਬੇਦਾਰੀ ਤੋਂ ਹਟਾਉਣਾ ਚਾਹਿਆ, ਪਰ ਦੀਵਾਨ ਨੇ ਬਗਾਵਤ ਕਰ ਦਿੱਤੀ। ਰੈਜੀਡੈਂਟ ਨੇ ਲਾਹੌਰੋਂ ਅੰਗਰੇਜ਼ੀ ਫੌਜ ਭੇਜੀ, ਜਿਸਨੇ ਦੀਵਾਨ ਤੋਂ ਮੁਲਤਾਨ

(ਬਾਕੀ ਪੰਨਾ ੩੨ ਤੇ ...)



www.AKJ.Org

# ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

(ਲੜੀ ਜੋੜਨ ਲਈ ਸੂਰਾ ਦਸੰਬਰ 2000 ਦੇਖੋ)

## ੨੯ ਤੱਤ ਗੁਰਮਤਿ ਕਰਮੁ ਸਰਬੋਤਮ

ਅਉਖਧ ਮੰਤ੍ਰ ਮੂਲੁ ਮਨ ਏਕੈ ਜੇਕਰਿ ਦ੍ਰਿੜਿ ਚਿਤੁ ਕੀਜੈ ਰੇ॥
ਜਨਮ ਜਨਮ ਕੇ ਪਾਪ ਕਰਮ ਕੇ ਕਾਟਨਹਾਰਾ ਲੀਜੈ ਰੇ॥੧॥
ਮਨ ਏਕੋ ਸਾਹਿਬੁ ਭਾਈ ਰੇ॥
ਤੇਰੇ ਤੀਨਿ ਗੁਣਾ ਸੰਸਾਰਿ ਸਮਾਵਹਿ ਅਲਖੁ ਨ ਲਖਣਾ ਜਾਈ ਰੇ॥
॥੧॥ਰਹਾਉ॥(੪॥੪॥੧੬) (ਗਉੜੀ ਚੇਤੀ ਮ: ੧ ਪੰਨਾ ੧੫੬)

ਵਿਆਖਿਆ– ਸਭ ਦਵਾਈਆਂ ਸਿਰਿ ਦਵਾਈ ਹੈ ਇਕੋ ਮੂਲ ਮੰਤਰ ਦੀ ਭਾਵ ਗੁਰ ਮੰਤਰ ਗੁਰਮਤਿ ਨਾਮ ਦੀ। ਜੇਕਰ ਇਸ ਏਕੋ ਗੁਰਮਤਿ ਨਾਮ ਰੂਪ ਅਉਖਧੀ ਨੂੰ ਇਸਤੇਮਾਲ ਕਰਨ (ਵਰਤਣ) ਲਈ ਚਿਤੁ ਮੁਸਤਕਹਿਮ (ਦ੍ਰਿੜ) ਕੀਤਾ ਜਾਵੇ ਤਾਂ ਇਸ ਅਉਖਧੁ ਰੂਪ ਗੁਰਮੰਤਰ (ਮੂਲ ਮੰਤਰ) ਨੂੰ ਜਨਮ ਜਨਮ ਦੇ ਪਾਪਾਂ ਅਤੇ ਕਰਮ ਰੋਗਾਂ ਨੂੰ ਕਟਣਹਾਰਾ ਸਮਝੋ (ਸਤਿ ਕਰ ਕੇ ਮੰਨੋ) ਏਕੈ ਗੁਰਮਤਿ ਨਾਮ ਵਾਲਾ ਨਾਮੀ ਸਾਹਿਬ ਭੀ ਇਕੋ ਹੀ ਹੈ। ਉਸ ਇਕੈ ਸਾਹਿਬ ਦੇ ਵਿਹਾਜਣ ਵਾਲਾ ਵਾਪਾਰ ਹੀ ਗੁਰਮੁਖਾਂ ਨੂੰ ਭਾਉਂਦਾ ਹੈ। ਪਰ ਹੇ ਮਨ । ਤ੍ਰੈਗੁਣੀ ਮਾਇਆ ਦੇ ਮੁਠੇ ਮਨ । ਜਿਨ੍ਹਾਂ ਤ੍ਰਿਹਾਂ ਗੁਣਾਂ ਨੂੰ ਤੂੰ ਪਰਧਾਨ ਮੰਨੀ ਬੈਠਾ ਹੈ।ਓਹ ਤੇਰੇ ਮੰਨੇ ਹੋਏ ਤ੍ਰੈਗੁਣ ਗਿਆਨ ਵਾਲੈਂ ਅਗਿਆਨ -ਇੰਦਰਿਆਂ ਨਾਲਿ ਲਖਿਆ ਜਾਣ ਵਾਲਾ ਅਲੱਖ ਵਾਹਿਗੁਰੂ ਤ੍ਰੈਗੁਣੀ ਕਰਮਾਂ ਦੇ ਕੀਤਿਆਂ ਨਹੀ ਲਖਿਆ ਜਾ ਸਕਦਾ। ਇਹ ਨਿਰੰਕਾਰ ਨਾਮ ਦੀ ਅਭਿਆਸ ਕਮਾਈ ਕੀਤਿਆਂ ਤੁਰੀਆ ਗੁਣ (ਚੌਥੇ ਪਦ) ਵਿਚਿ ਪਹੁੰਚਿਆ ਹੀ ਲਖਿਆ ਪਰਖਿਆ ਜਾ ਸਕਦਾ ਹੈ। ਤੁਰੀਆ ਗੁਣ ਤਾਈ ਸਮਾਈ ਕੇਵਲ ਨਾਮ ਦੀ ਤੱਤ ਗੁਰਮਤਿ ਕਮਾਈ ਕਰਨ ਵਾਲੇ ਗੁਰਮੁਖ ਜਨਾਂ ਦੀ ਹੀ ਹੈ।

ਇਸੁ ਜੁਗ ਮਹਿ ਰਾਮਨਾਮਿ ਨਿਸਤਾਰਾ॥ ਵਿਰਲਾ ਕੋ ਪਾਏ ਗੁਰ ਸਬਦਿ ਵੀਚਾਰਾ॥
ਆਪਿ ਤਰੈ ਸਗਲੇ ਕੁਲ ਉਧਾਰਾ॥੩॥ ਇਸੁ ਕਲਿਜੁਗ ਮਹਿ ਕਰਮ ਧਰਮੁ ਨ ਕੋਈ॥
ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ॥ ਨਾਨਕ ਨਾਮ ਬਿਨਾ ਕੋ ਮੁਕਤਿ ਨਾ ਹੋਈ॥੪॥੧੦॥੩੦॥
(ਗਉੜੀ ਗੁਆਰੇਹੀ ਮ:੩ ਪੰਨਾ ੧੬੦-੬੧)

ਵਿਆਖਿਆ– ਇਸ ਕਲਿਜੁਗੀ ਜੁਗ ਅੰਦਰਿ ਜੀਵਾਂ ਦਾ ਨਿਸਤਾਰਾ ਹੈ ਤਾਂ ਕੇਵਲ ਨਾਮ ਦੁਆਰਾ ਹੈ ਜੋ ਸਾਰੇ ਰਮ ਰਿਹਾ ਹੈ। ਪਰੰਤੂ ਇਸ ਨਾਮ ਨੂੰ ਵਿਰਲਾ ਹੀ ਕੋਈ ਵਡਭਾਗਾ ਜਨ ਪਾਉਂਦਾ ਹੈ। ਪਾਉਂਦਾ ਹੈ ਤਾਂ ਗੁਰਮਤਿ ਦੀ ਰੋਸ਼ਨੀ ਵਿਚਿ ਪਾਉਂਦਾ ਹੈ। ਗੁਰੂ ਦੁਆਰਿਓਂ ਗੁਰ ਸਬਦ ਗੁਰਮੰਤਰ ਮਈ ਦੀਖਿਆ ਮਿਲਦੀ ਹੈ ਤਾਂ ਗੁਰਮਤਿ ਨਾਮ ਦੀ ਪ੍ਰਾਪਤੀ ਹੁੰਦੀ ਹੈ। ਫੇਰ ਗੁਰਸ਼ਬਦੀ ਗੁਰਮਤੀਂ ਹੀ ਇਸ ਗੁਰਮਤਿ ਨਾਮ ਦੀ ਸਚੁ ਵੀਚਾਰ ਰੂਪ ਅਭਿਆਸ ਕਮਾਈ ਕੀਤੀ ਜਾਂਦੀ ਹੈ। ਤਦ ਉਸ ਵਡਭਾਗੇ ਗੁਰਮਤਿ ਨਾਮ ਕਮਾਈ ਕਰਨਹਾਰੇ ਕਰਮਵੰਤੇ ਗੁਰਮੁਖ ਜਨ ਦਾ ਨਿਸਤਾਰਾ ਹੁੰਦਾ ਹੈ, ਐਵੇਂ ਨਹੀਂ। ਗੁਰਮਤਿ ਨਾਮ ਨੂੰ ਕਮਾਵਣਾ ਹੀ ਗੁਰਮਤਿ ਅੰਦਰਿ ਸੱਚਾ ਵੀਚਾਰ ਹੈ।ਵੀਚਾਰ ਦਾ ਸੱਚਾ ਤੱਤ ਵੀਚਾਰੀ ਗੁਰਮੁਖ ਜਨ ਆਪਿ ਤਰ ਜਾਂਦਾ ਹੈ ਅਤੇ ਆਪਣੀਆਂ ਸਾਰੀਆਂ ਕੁਲਾਂ ਨੂੰ ਤਾਰਨਹਾਰਾ ਹੈ।, ਇਸ ਕਲਜੁਗ ਅੰਦਰਿ ਨਾਮ ਤੋਂ ਬਿਨਾ ਹੋਰ ਕੋਈ ਕਰਮ ਧਰਮ ਕਿਸੇ ਕੰਮ ਦਾ ਨਹੀਂ। ਹੋਰ ਕੋਈ ਕਰਮ ਧਰਮ ਕਲਜੁਗ ਅੰਦਰਿ ਫਲਦਾ ਫੁਲਦਾ ਹੀ ਨਹੀ, ਤਾਂਤੇ ਗੁਰਮਤਿ ਨਾਮ ਹ੍ਹੀ ਤੱਤ ਸਰਬੋਤਮ ਕਰਮੁ ਹੈ। ਇਸ ਘੋਰ ਕਲਜੁਗੀ ਸਮੇਂ ਦੇ ਕਰਮ ਕਾਂਡੀ ਆਨਮਤ ਕਰਮੀ ਲੋਕਾਂ ਅੰਦਰਿ ਚੰਡਾਲਾਂ ਵਾਲਾ ਸੁਭਾਉ ਵਰਤਿਆ ਹੋਇਆ ਹੈ। ਨਾਮ ਬਿਨਾਂ ਕੋਈ ਭੀ ਮੁਕਤੀ ਨੂੰ ਪ੍ਰਾਪਤ ਨਹੀ ਹੁੰਦਾ। ਤਾਂਹੀ ਤੇ ਤੱਤ ਗੁਰਮਤਿ ਨਾਮ ਹੀ ਸਰਬੋਤਮ ਕਰਮੁ ਹੈ।

ਸਤਿਗੁਰੁ ਮਿਲੈ ਵਡਭਾਗਿ ਸੰਜੋਗ॥ ਹਿਰਦੈ ਨਾਮੁ ਨਿਤ ਹਰਿ ਰਸ ਭੋਗ॥੧॥
ਗੁਰਮੁਖਿ ਪ੍ਰਾਣੀ ਨਾਮੁ ਹਰਿ ਧਿਆਇ॥ ਜਨਮੁ ਜੀਤਿ ਲਾਹਾ ਨਾਮੁ ਪਾਇ॥੧॥ ਰਹਾਉ॥



www.AKJ.Org

ਗਿਆਨੁ ਧਿਆਨੁ ਗੁਰ ਸਬਦੁ ਹੈ ਮੀਠਾ॥ ਗੁਰ ਕਿਰਪਾ ਤੇ ਕਿਨੈ ਵਿਰਲੈ ਚਖਿ ਡੀਠਾ॥੨॥
ਕਰਮ ਕਾਂਡ ਬਹੁ ਕਰਹਿ ਅਚਾਰ॥ ਬਿਨੁ ਨਾਵੈ ਧ੍ਰਿਗ ਧ੍ਰਿਗ ਅਹੰਕਾਰ॥੩॥
ਬੰਧਨਿ ਬਾਧਿਓ ਮਾਇਆ ਫਾਸ॥ ਜਨ ਨਾਨਕ ਛੂਟੈ ਗੁਰ ਪਰਗਾਸ॥੪॥੧੪॥੩੪॥

(ਗਉੜੀ ਗੁਆਰੇਰੀ ਮ:੩ ਪੰਨਾ ੧੬੨)

ਵਿਆਖਿਆ- ਵਡਭਾਗੀ ਸੰਜੋਗ ਕਰਕੇ ਸੰਜੋਗ ਦੇ ਪ੍ਰਬਲ ਹੋਣ ਕਰਿ ਸਚੇ ਸਤਿਗੁਰੂ ਦਾ ਮਿਲਾਪ ਹੁੰਦਾ ਹੈ। ਓਹਨਾਂ ਦੇ ਹਿਰਦੇ ਅੰਦਰਿ ਨਿਤ ਨਾਮ ਰਸ ਦੇ ਭੋਗ ਲਗਦੇ ਹਨ। ਐਸਾ ਨਿਤ ਹਰਿ ਰਸ ਭੋਗ ਵਾਲਾ ਨਾਮੁ ਗੁਰਮੁਖ ਜਨ ਹੀ ਧਿਆਉਂਦੇ ਹਨ। ਓਹ ਨਾਮ ਸੱਚਾ ਲਾਹਾ ਹਾਸਲ ਕਰਕੇ ਆਪਣੇ ਜਨਮ ਨੂੰ ਸਫਲ ਕਰਿ ਲੈਂਦੇ ਹਨ ਅਤੇ ਜਿਣਿ ਘਰਿ ਜਾਂਦੇ ਹਨ। ਮਾਨੁਖਾ ਜਨਮ ਦੀ ਬਾਰੀ ਨੂੰ ਜਿਤ ਕੇ ਸੱਚ ਘਰ ਵਾਸ ਦਾ ਸੁਭਾਗ ਪ੍ਰਾਪਤਿ ਕਰਦੇ ਹਨ। ਗੁਰ ਸ਼ਬਦ ਅਤੀਅੰਤ ਮੀਠਾ ਹੈ।ਇਸਦੀ ਅਮਿਉ ਰਸੀ ਮਿਠਾਸ ਅਲੌਕਿਕ ਹੈ।ਸੋਈ ਜਾਣਦੇ ਹਨ ਜਿਨ੍ਹਾਂ ਨੇ ਚਖ ਕੇ ਡੀਠਾ ਹੈ।ਨਾਮ ਅਭਿਆਸ ਕਮਾਈਆਂ ਕਰਿ ਕਰਿ ਇਹ ਅਮਿਉ ਰਸਾਇਣੀ ਮਿਠਾਸ ਰਸ ਘਟ ਅੰਤਰਿ ਉਤਰਦਾਹੈ ।ਇਸ ਰਸ ਮਿਠਾਸ ਦਾ ਅੰਮ੍ਰਿਤ ਸੁਆਦ ਜੋਤਿ ਵਿਗਸਾਇਣੀ ਅਮਿਉ ਕਿਰਨ ਨਭ ਨਾਭ ਪ੍ਰਗਟਾਉਂਦਾ ਹੈ। ਇਹ ਜੋਤਿ ਰਸ ਕਿਰਨੀ ਪਰਗਾਸ ਹੀ ਸੱਚੜਾ ਪਰਚੰਡ ਗਿਆਨ ਹੈ।ਪਾਰਬ੍ਰਹਮ ਦੀ ਪਰਤੱਖਤਾ ਦਾ। ਇਸ ਰਸ ਵਿਗਸਾਇਣੀ ਆਤਮ ਗਿਆਨਾਇਣੀ ਅਵਸਥਾ ਤੇ ਅਪੜ ਕੇ ਹੀ ਸੱਚੜਾ ਅਖੰਡਕਾਰ ਧਿਆਨ ਵਾਹਿਗੁਰੂ ਦੇ ਚਰਨਾਂ ਨਾਲ ਜੁੜਦਾ ਹੈ। ਤਾਂਤੇ "ਗਿਆਨ ਧਿਆਨ_ਗੁਰ ਸਬਦ ਹੈ ਮੀਠਾ" ਵਾਲੀ ਗੁਰਮਤਿ ਤੱਤ ਅਵਸਥਾ ਸਤੇ ਸਤਿ ਹੈ। ਪਰੰਤੂ ਸਤਿਗੁਰੂ ਦੇ ਅਪਾਰ ਪਰਸਾਦ ਕਰਿ ਕਿਸੇ ਵਿਰਲੇ ਤੱਤ ਦਰਸੀ ਗੁਰਮੁਖ ਜਨ ਨੇ ਹੀ ਇਸ ਮਿਠਾਸ ਨੂੰ ਚੱਖ ਕੇ ਦੇਖਿਆ ਹੈ। ਤਾਂਹੀ ਤੇ ਤੱਤ ਗੁਰਮਤਿ ਨਾਮੁ ਕਰਮੁ ਸਰਬੋਤਮ ਕਰਮ ਹੈ।ਇਸ ਗੁਰਮਤਿ ਨਾਮ ਗਿਆਨ ਤੋਂ ਸੁੰਞੇ ਵੰਞੇ ਲੋਕ ਅਕਸਰ ਕਰਮ ਕਾਂਡ ਅਚਾਰੀ ਹੀ ਬਣ ਜਾਂਦੇ ਹਨ। ਆਨਮਤ ਕਰਮਕਾਰੀ ਬਣ ਜਾਂਦੇ ਹਨ। ਪਰਉਪਕਾਰੀ ਨੂੰ ਨਾ ਰਸ, ਨਾ ਰੰਗ, ਨਾ ਸੁਆਦ, ਨਾ ਅਹਿਲਾਦ, ਨਾ ਵਿਸਮਾਦ ਪਦੁ ਪ੍ਰਾਪਤਿ ਹੁੰਦਾ ਹੈ। ਉਹਨਾਂ ਉੱਤੇ ਕੇਵਲ ਕਰਮ ਕਾਂਡੀ ਹੋਣ ਦਾ ਅਹੰਕਾਰ ਹੀ ਸਵਾਰ ਹੁੰਦਾ ਹੈ। ਪਰ " ਬਿਨਾਂ ਨਾਵੈ ਧ੍ਰਿਗ ਧ੍ਰਿਗ ਅਹੰਕਾਰ"।ਧ੍ਰਿਗਾਕਾਰ ਹੈ ਉਸ ਅਹੰਕਾਰ ਨੂੰ ਜੋ ਨਾਮ ਵਲ ਨਹੀ ਲਗਣ ਦਿੰਦਾ। ਧ੍ਰਿਗਾਕਾਰ ਹੈ ਉਸ ਅਹੰਕਾਰ ਨੂੰ ਜੋ ਅਹੰਕਾਰ ਹੀ ਅਹੰਕਾਰ ਉਪਜਾਉਂਦਾ ਹੈ। ਨਾਮ ਬਿਨਾਂ ਕਰਮ ਕੀਤੇ ਕਰਮਾਂ ਦਾ ਹੰਕਾਰ ਭੀ ਧ੍ਰਿਗ ਹੈ। ਆਨਮਤ ਕਰਮਾਚਾਰੀ ਮਾਇਆ ਫਾਸ ਦੇ ਬੰਧਨਾਂ ਵਿਚਿ ਬੰਧੇ ਰਹਿੰਦੇ ਹਨ ਅਤੇ ਇਸ ਮਾਇਆ ਫਾਸ ਦੇ ਬੰਧੇ ਹੋਏ ਗਰਭਾਸ ਜੋਨੀਆਂ ਵਿਚਿ ਪੈ ਲਖ ਚੁਰਾਸੀ ਦੇ ਗੇੜ ਵਿਚ ਫਿਰਦੇ ਘੁੰਮਦੇ ਰਹਿੰਦੇ ਹਨ। ਇਸ ਫਾਂਸੀ ਤੋਂ ਛੁਟਕਾਰਾ ਤਿਨ੍ਹਾਂ ਦਾ ਹੀ ਹੁੰਦਾ ਹੈ ਜੋ ਗੁਰੂ ਕੇ ਬਣ ਕੇ ਗੁਰਮਤਿ ਨਾਮ ਨੂੰ ਜਪ ਕੇ ਗੁਰ ਜੋਤਿ ਪਰਗਾਸ ਦਾ ਆਨੰਦ ਬਿਸਮਾਦ ਮਾਣਦੇ ਹਨ। ਗੁਰ ਜੋਤਿ ਪਰਗਾਸੀ ਬਿਸਮਾਦ ਰਸ ਵਿਗਾਸੀ ਹੋਣ ਕਰਕੇ ਹੀ ਗੁਰਮਤਿ ਨਾਮ ਸਰਬੋਤਮ ਤੱਤ ਕਰਮੁ ਹੈ।

ਝਾੜਾ ਤਾੜਿ ਮਿਟੈ ਸੰਗਿ ਸਾਧੂ॥ ਕਰਮ ਧਰਮ ਤਤੁ ਨਾਮ ਅਰਾਧੂ॥
ਰੂੜੋ ਜੇਹ ਬਸਿਓ ਰਿਦ ਮਾਹੀ॥ ਉਆ ਕੀ ਝਾੜਿ ਮਿਟਤ ਬਿਨਸਾਹੀ॥
ਝਾੜਿ ਕਰਤ ਸਾਕਤ ਗਾਵਾਰਾ॥ ਜੇਹ ਹੀਐ ਅਹੰਬੁਧਿ ਬਿਕਾਰਾ॥
ਝਾੜਾ ਗੁਰਮੁਖਿ ਝਾੜਿ ਮਿਟਾਈ॥ ਨਿਮਖ ਮਾਹਿ ਨਾਨਕ ਸਮਝਾਈ॥੪੭॥

(ਗਉੜੀ ਬਾਵਨ ਅਖਰੀ ਮ:੫ ਪੰਨਾ ੨੬੦)

ਵਿਆਖਿਆ: ਸਾਰਾ ਜਗ ਦੁਬਿਧਾ ਮਈ ਰਿਹਾੜਾਂ ਝਗੜਿਆ ਟੰਟਿਆ ਵਿਚਿ ਹੀ ਰੁੱਝਿਆ ਤੇ ਰੁੜ੍ਹਿਆ ਰਹਿੰਦਾ ਹੈ। ਇਹ ਰਿਹਾੜ ਮਿਟਦੀ ਹੈ ਤਾਂ ਕੇਵਲ ਗੁਰੂ ਨਾਨਕ ਸਦ੍ਰਸ ਸਾਧੂ ਦੀ ਸੰਗਤ ਕਰਕੇ ਹੀ ਮਿਟਦੀ ਹੈ। ਗੁਰੂ ਨਾਨਕ ਸਾਹਿਬ ਦੇ ਘਰ ਦੀ ਸਾਧ ਸੰਗਤ ਦੇ ਆਸਰੇ ਹੀ ਮਿਟਦੀ ਹੈ।ਸਤਿਗੁਰੂ ਨਿਵਾਜੀ ਸੰਗਤ ਵਿਚ ਮਿਲ ਕੇ ਤੱਤ ਗੁਰਮਤਿ ਨਾਮ ਦੀ ਪ੍ਰਾਪਤੀ ਹੁੰਦੀ ਹੈ।ਇਸ ਤੱਤ ਗੁਰਮਤਿ ਨਾਮ ਦਾ ਅਰਾਧਣਾ ਸਾਰਿਆਂ ਕਰਮਾਂ ਧਰਮਾਂ ਦਾ ਸਾਧਣਾ ਹੈ। ਸਾਰੇ ਕਰਮਾਂ ਧਰਮਾਂ ਉਪਰ ਤੱਤ ਸਰਬੋਤਮ ਕਰਮੁ ਗੁਰਮਤਿ ਨਾਮ ਦਾ ਅਰਾਧਣਾ


www.AKJ.Org

ਹੈ। ਗੁਰਮਤਿ ਨਾਮ ਅਰਾਧਣ ਦੀ ਅਤੁਟ ਕਮਾਈ ਕਰਨ ਕਰਕੇ ਅਤਿ ਸੁੰਦਰ ਮਨਮੋਹਨ ਘਟਿ ਸੋਹਨ ਪ੍ਰੀਤਮ ਪਰਮਾਤਮਾ ਮਨ ਮਾਹੀ ਵਸਿ ਜਾਂਦਾ ਹੈ। ਜਿਸ ਘਟ ਅੰਦਰ ਸੁੰਦਰ ਸੁਆਮੀ ਪਰਮੇਸ਼ਰ ਵਸਿ ਗਿਆ ਏ, ਉਸ ਦੀ ਜਾਣੋ ਸਗਲੀ ਰਾੜਿ ਰਿਹਾੜਿ ਮਿਟ ਗਈ ਮਿਟਦੀ ਮਿਟਦੀ ਬਿਨਸ ਹੀ ਗਈ । ਨਾਮੋਂ ਸਖਣੇ ਸਾਕਤ ਗਵਾਰ ਲੋਕਾਂ ਦੀ ਸਾਰੀ ਅਵਰਦਾ ਰਗੜਿਆ ਝਗੜਿਆ ਵਿਚਿ ਹੀ ਗੁਜ਼ਰਦੀ ਹੈ, ਕਿਉਂਕਿ ਉਨ੍ਹਾਂ ਦੇ ਹੀਅਰੇ ਅੰਦਰਿ ਅਹਿਨਿਸਿ ਅਹੰਬੁਧ ਮਤਸਰੀ ਬਿਕਾਰ ਹੀ ਬਸੇ ਰਹਿੰਦੇ ਹਨ। ਜਿਨ੍ਹਾਂ ਗੁਰਮੁਖਾਂ ਦੀ ਦੁਬਿਧਾਮਈ ਰਾੜਿ ਅੰਦਰੋਂ ਮਿਟ ਗਈ, ਤਿਨ੍ਹਾਂ ਨੂੰ ਅੱਖ ਦੇ ਫੇਰੇ ਵਿਚਿ ਪਰਮਾਰਥ ਅਤੇ ਪਰਮਾਤਮਾ ਦੀ ਸੋਝੀ ਪੈ ਗਈ। ਇਹ ਸਭ ਸਦਕਾ ਤੱਤ ਗੁਰਮਤਿ ਨਾਮ ਅਭਿਆਸ ਕਮਾਈ ਰੂਪੀ ਸਰਬੋਤਮ ਕਰਮ ਦਾ ਹੀ ਹੈ।

ਭੀਤਰਿ ਏਕੁ ਅਨੇਕ ਅਸੰਖ ॥ ਕਰਮ ਧਰਮ ਬਹੁ ਸੰਖ ਅਸੰਖ ॥
ਬਿਨੁ ਭੈ ਭਗਤੀ ਜਨਮੁ ਬਿਰੰਥ ॥ ਹਰਿ ਗੁਣ ਗਾਵਹਿ ਮਿਲਿ ਪਰਮਾਰੰਥ॥
॥੬॥(੮॥੪) (ਆਸਾ ਮ:੧ ਪੰਨਾ ੪੧੩)

ਵਿਆਖਿਆ:- ਸ੍ਰਿਸ਼ਟੀ ਦੇ ਜੀਅ ਜੰਤ ਤਾਂ ਅਨੇਕਾਂ ਅਸੰਖਾਂ ਅਣਗਿਣਤ ਗਿਣਤੀ ਵਿਚਿ ਹਨ, ਪਰ ਸਿਰਜਨਹਾਰ ਪਰਮਾਤਮਾ ਇਕੋ ਹੀ ਹੈ ਜੋ ਸਭਨਾਂ ਦੇ ਘਟਾਂ ਭੀਤਰਿ ਬਿਰਾਜਮਾਨ ਹੈ, ਏਹਨਾਂ ਅਨੇਕ ਅਸੰਖ ਜੀਵਾਂ ਦੇ ਕਰਮ ਧਰਮ ਭੀ ਬਹੁ ਬਹੁ ਭਾਤੀ ਅਸੰਖਾਂ ਕ੍ਰੋੜਾਂ ਪਰਕਾਰਾਂ ਦੇ ਹਨ। ਪਰ ਇਹਨਾਂ ਅਸੰਖ ਕ੍ਰੋੜੀ ਕਰਮ. ਕਰਨਹਾਰਿਆਂ ਦੇ ਜਨਮ ਬਿਨਾਂ ਭੈ ਭਗਤੀ ਤੋ ਬਿਰਥੇ ਹੀ ਜਾਂਦੇ ਹਨ। ਭੈ ਭਗਤੀ ਵਾਲੇ ਕਰਮ ਕਰਨਹਾਰਾ ਜੀਵਣ ਜਨਮ ਹੀ ਸਕਾਰਥੀ ਜੀਵਣ ਜਨਮ ਹੈ। ਪ੍ਰਸਪਰ ਮਿਲ ਕੇ ਗੁਰਬਾਣੀ ਮਈ ਵਾਹਿਗੁਰੂ ਦੇ ਗੁਣ ਗਾਵਣਾ ਹੀ ਸੱਚਾ ਪਰਮਾਰਥੀ ਕਰਮੁ ਹੈ। ਇਹ ਸਰਬੋਤਮ ਪਰਮਾਰਥੀ ਤੱਤ ਗੁਰਮਤਿ ਕਰਮ ਹੀ ਲੇਖੇ ਪੈਂਦਾ ਹੈ। ਇਉ ਇਸ ਤਰ੍ਹਾਂ ਪਰਮਾਰਥ ਮਈ ਸਿਫਤ ਸਾਲਾਹਤੀ ਕਰਮ ਕਰ ਕੇ ਹੀ ਪਰਮਾਤਮਾ ਨਾਲਿ ਮਿਲੀਦਾ ਹੈ। (ਚਲਦਾ)

(ਪੰਨਾ ੨੯ ਦਾ ਬਾਕੀ ....)

ਮੋਮਨ ਖਾਂ ਦੇ ਨਾਲ ਰਸਤੇ ਵਿੱਚ ਹੋਰ ਚੌਧਰੀ ਵੀ ਰਲ ਪਏ। ਮੋਮਨ ਖਾਂ ਨੇ ਤੜਕੇ ਤੜਕੇ ਆ ਕੇ ਡੇਰੇ ਤੇ ਹਮਲਾ ਕਰ ਦਿੱਤਾ। ਅਗੋਂ ਸਿੰਘ ਪਹਿਲਾਂ ਹੀ ਮੋਰਚੇ ਸਾਂਭ ਕੇ ਬੈਠੇ ਸਨ। ਸਿੰਘਾਂ ਦੀਆਂ ਗੋਲੀਆਂ ਨਾਲ ਮੁਹਰਲੀਆ ਫ਼ੌਜਾਂ ਧਰਤੀ ਤੇ ਢਹਿ ਪਈਆਂ।

ਘਮਸਾਣ ਦੀ ਲੜਾਈ ਹੋਈ। ਮੋਮਨ ਖਾਂ ਨੇ ਤੱਕੀ ਬੇਗ ਨੂੰ ਭੇਜਿਆ। ਤੱਕੀ ਬੇਗ ਨੂੰ ਅੱਗੇ ਵਧਦਾ ਵੇਖ ਕੇ ਭਾਈ ਤਾਰਾ ਸਿੰਘ ਨੇ ਐਸਾ ਨਿਸ਼ਾਨਾ ਮਾਰਿਆ ਕਿ ਤੱਕੀ ਬੇਗ ਦੇ ਮੂੰਹ ਵਿਚੋਂ ਖੂਨ ਦੇ ਫਉਹਾਰੇ ਛੁੱਟ ਪਏ। ਉਹ ਛੇਤੀ ਨਾਲ ਪਿਛੇ ਮੁੜਿਆ। ਅਗੋਂ ਮੋਮਨ ਖਾਂ ਨੇ ਤੱਕੀ ਬੇਗ ਨੂੰ ਮਖੌਲ ਕੀਤਾ। ਖ਼ਾਨ ਜੀ ਪਾਨ ਖਾ ਰਹੇ ਹੋ। ਤੱਕੀ ਬੇਗ ਨੇ ਜਵਾਬ ਦਿੱਤਾ, 'ਸ: ਤਾਰਾ ਸਿੰਘ ਅੱਗੇ ਪਾਨ ਦੇ ਬੀੜੇ ਵੰਡ ਰਿਹਾ ਹੈ। ਅੱਗੇ ਹੋ ਕੇ ਤੁਸੀਂ ਵੀ ਲੈ ਆਉ।'

ਫਿਰ ਮੋਮਨ ਖਾਂ ਨੇ ਆਪਣੇ ਭਤੀਜੇ ਮੁਰੀਦ ਖਾਂ ਨੂੰ ਭੇਜਿਆ, ਜੋ ਤਾਰਾ ਸਿੰਘ ਜੀ ਨਾਲ ਸਿਧੇ ਟਕਰਨਾ ਚਾਹੁੰਦਾ ਸੀ ਪਰ ਰਾਹ ਵਿਚਲੇ ਸਿੰਘਾ ਤੋਂ ਬੱਚ ਕੇ ਕਿਵੇਂ ਨਿਕਲਦਾ। ਵੈਰੀ ਨੂੰ ਆਪਣੇ ਜਥੇਦਾਰ ਵਲ ਵੱਧਦਾ ਦੇਖ ਕੇ ਸਰਦਾਰ ਭੀਮ ਸਿੰਘ ਘੋੜਾ ਛੇੜ ਕੇ ਸਾਹਮਣੇ ਆ ਟਕਰਿਆ। ਉਸਨੇ ਸ਼ੇਰ ਵਾਂਗ ਭਬਕ ਕੇ ਲਲਕਾਰਿਆ 'ਮੁਰੀਦ ਖਾਂ। ਸੰਭਲ, ਤੇਰਾ ਕਾਲ ਆ ਗਿਐਂ। ਭੀਮ ਸਿੰਘ ਨੇ ਪਹਿਲਾਂ ਦੋ ਵਾਰ ਕਰਕੇ ਮੁਰੀਦ ਖਾਂ ਦਾ ਮਹਾਵਤ ਮਾਰਿਆ। ਮਹਾਵਤ ਨੂੰ ਚੀਰਦੀ ਹੋਈ ਤਲਵਾਰ ਹਾਥੀ ਦੇ ਕੰਨ ਨੂੰ ਵੱਢ ਗਈ ਅਤੇ ਵੱਡਾ ਦੰਦ ਵਿਚਕਾਰੋਂ ਟੁੱਟ ਗਿਆ। ਪੀੜ ਦਾ ਮਾਰਿਆ ਹਾਥੀ ਪਿਛਾਂਹ ਨੂੰ ਉਠ ਨੱਠਾ। ਭੀਮ ਸਿੰਘ ਬੜਾ ਫੁਰਤੀਲਾ ਜੁਆਨ ਸੀ। ਉਹ ਹਾਥੀ ਦੀ ਪੂਛਲ ਫੜ ਕੇ ਉਤੇ ਚੜ੍ਹ ਗਿਆ ਤੇ ਤਲਵਾਰ ਨਾਲ ਮੁਰੀਦ ਖਾਂ ਦਾ ਸਿਰ ਜਾ ਵਢਿਆ। ਹੁਣ ਮੋਮਨ ਖਾਂ ਨੇ ਸਾਰੀ ਫ਼ੌਜ ਨੂੰ ਸਿੰਘਾਂ ਤੇ ਚਾੜ੍ਹ ਦਿੱਤਾ। ਤਲਵਾਰਾਂ ਚਲਣ ਲੱਗੀਆਂ। ਸਰਦਾਰ ਤਾਰਾ ਸਿੰਘ ਜੀ ਕਈਆ ਨੂੰ ਮੌਤ ਦੇ ਘਾਟ ਉਤਾਰ ਕੇ ਸ਼ਹੀਦੀ ਪ੍ਰਾਪਤ ਕਰ ਗਏ। ਇਹ ਘਟਨਾ ਸੰਨ 1726 ਈਸਵੀ ਦੀ ਹੈ।



www.AKJ.Org

# ਈਸਵੀ ਸੰਨ 2001 ਦਾ ਕੈਲੇਂਡਰ

| JANUARY | 2001 | | | | ਜਨਵਰੀ |
|---|---|---|---|---|---|
| ਐਤ SUN | ❀ | 7 ੨੪ ਪੋਹ | 14 ੨ ਮਾਘ | 21 ੯ ਮਾਘ | 28 ੧੬ ਮਾਘ |
| ਸੋਮ MON | 1 ੧੮ ਪੋਹ | 8 ੨੫ ਪੋਹ | 15 ੩ ਮਾਘ | 22 ੧੦ ਮਾਘ | 29 ੧੭ ਮਾਘ |
| ਮੰਗਲ TUE | 2 ੧੯ ਪੋਹ | 9 ੨੬ ਪੋਹ | 16 ੪ ਮਾਘ | 23 ੧੧ ਮਾਘ | 30 ੧੮ ਮਾਘ |
| ਬੁਧ WED | 3 ੨੦ ਪੋਹ | 10 ੨੭ ਪੋਹ | 17 ੫ ਮਾਘ | 24 ੧੨ ਮਾਘ | 31 ੧੯ ਮਾਘ |
| ਵੀਰ THU | 4 ੨੧ ਪੋਹ | 11 ੨੮ ਪੋਹ | 18 ੬ ਮਾਘ | 25 ੧੩ ਮਾਘ | ❀ |
| ਸ਼ੁਕਰ FRI | 5 ੨੨ ਪੋਹ | 12 ੨੯ ਪੋਹ | 19 ੭ ਮਾਘ | 26 ੧੪ ਮਾਘ | ❀ |
| ਸ਼ਨੀ SAT | 6 ੨੩ ਪੋਹ | 13 ੧ ਮਾਘ | 20 ੮ ਮਾਘ | 27 ੧੫ ਮਾਘ | ❀ |

| FEBRUARY | 2001 | | | | ਫਰਵਰੀ |
|---|---|---|---|---|---|
| ਐਤ SUN | ❀ | 4 ੨੩ ਮਾਘ | 11 ੩੦ ਮਾਘ | 18 ੭ ਫਗਣ | 25 ੧੪ ਫਗਣ |
| ਸੋਮ MON | ❀ | 5 ੨੪ ਮਾਘ | 12 ੧ ਫਗਣ | 19 ੮ ਫਗਣ | 26 ੧੫ ਫਗਣ |
| ਮੰਗਲ TUE | ❀ | 6 ੨੫ ਮਾਘ | 13 ੨ ਫਗਣ | 20 ੯ ਫਗਣ | 27 ੧੬ ਫਗਣ |
| ਬੁਧ WED | ❀ | 7 ੨੬ ਮਾਘ | 14 ੩ ਫਗਣ | 21 ੧੦ ਫਗਣ | 28 ੧੭ ਫਗਣ |
| ਵੀਰ THU | 1 ੨੦ ਮਾਘ | 8 ੨੭ ਮਾਘ | 15 ੪ ਫਗਣ | 22 ੧੧ ਫਗਣ | ❀ |
| ਸ਼ੁਕਰ FRI | 2 ੨੧ ਮਾਘ | 9 ੨੮ ਮਾਘ | 16 ੫ ਫਗਣ | 23 ੧੨ ਫਗਣ | ❀ |
| ਸ਼ਨੀ SAT | 3 ੨੨ ਮਾਘ | 10 ੨੯ ਮਾਘ | 17 ੬ ਫਗਣ | 24 ੧੩ ਫਗਣ | ❀ |

| MARCH | 2001 | | | | ਮਾਰਚ |
|---|---|---|---|---|---|
| ਐਤ SUN | ❀ | 4 ੨੧ ਫਗਣ | 11 ੨੮ ਫਗਣ | 18 ੫ ਚੇਤਰ | 25 ੧੨ ਚੇਤਰ |
| ਸੋਮ MON | ❀ | 5 ੨੨ ਫਗਣ | 12 ੨੯ ਫਗਣ | 19 ੬ ਚੇਤਰ | 26 ੧੩ ਚੇਤਰ |
| ਮੰਗਲ TUE | ❀ | 6 ੨੩ ਫਗਣ | 13 ੩੦ ਫਗਣ | 20 ੭ ਚੇਤਰ | 27 ੧੪ ਚੇਤਰ |
| ਬੁਧ WED | ❀ | 7 ੨੪ ਫਗਣ | 14 ੧ ਚੇਤਰ | 21 ੮ ਚੇਤਰ | 28 ੧੫ ਚੇਤਰ |
| ਵੀਰ THU | 1 ੧੮ ਫਗਣ | 8 ੨੫ ਫਗਣ | 15 ੨ ਚੇਤਰ | 22 ੯ ਚੇਤਰ | 29 ੧੬ ਚੇਤਰ |
| ਸ਼ੁਕਰ FRI | 2 ੧੯ ਫਗਣ | 9 ੨੬ ਫਗਣ | 16 ੩ ਚੇਤਰ | 23 ੧੦ ਚੇਤਰ | 30. ੧੭ ਚੇਤਰ |
| ਸ਼ਨੀ SAT | 3 ੨੦ ਫਗਣ | 10 ੨੭ ਫਗਣ | 17 ੪ ਚੇਤਰ | 24 ੧੧ ਚੇਤਰ | 31 ੧੮ ਚੇਤਰ |

| APRIL | 2001 | | | | ਅਪ੍ਰੈਲ |
|---|---|---|---|---|---|
| ਐਤ SUN | 1 ੧੯ ਚੇਤਰ | 8 ੨੬ ਚੇਤਰ | 15 ੩ ਵੈਸਾਖ | 22 ੧੦ ਵੈਸਾਖ | 29 ੧੭ ਵੈਸਾਖ |
| ਸੋਮ MON | 2 ੨੦ ਚੇਤਰ | 9 ੨੭ ਚੇਤਰ | 16 ੪ ਵੈਸਾਖ | 23 ੧੧ ਵੈਸਾਖ | 30 ੧੮ ਵੈਸਾਖ |
| ਮੰਗਲ TUE | 3 ੨੧ ਚੇਤਰ | 10 ੨੮ ਚੇਤਰ | 17 ੫ ਵੈਸਾਖ | 24 ੧੨ ਵੈਸਾਖ | ❀ |
| ਬੁਧ WED | 4 ੨੨ ਚੇਤਰ | 11 ੨੯ ਚੇਤਰ | 18 ੬ ਵੈਸਾਖ | 25 ੧੩ ਵੈਸਾਖ | ❀ |
| ਵੀਰ THU | 5 ੨੩ ਚੇਤਰ | 12 ੩੦ ਚੇਤਰ | 19 ੭ ਵੈਸਾਖ | 26 ੧੪ ਵੈਸਾਖ | ❀ |
| ਸ਼ੁਕਰ FRI | 6 ੨੪ ਚੇਤਰ | 13 ੧ ਵੈਸਾਖ | 20 ੮ ਵੈਸਾਖ | 27 ੧੫ ਵੈਸਾਖ | ❀ |
| ਸ਼ਨੀ SAT | 7 ੨੫ ਚੇਤਰ | 14 ੨ ਵੈਸਾਖ | 21 ੯ ਵੈਸਾਖ | 28 ੧੬ ਵੈਸਾਖ | ❀ |

| MAY | 2001 | | | | ਮਈ |
|---|---|---|---|---|---|
| ਐਤ SUN | ❀ | 6 ੨੪ ਵੈਸਾਖ | 13 ੩੧ ਵੈਸਾਖ | 20 ੭ ਜੇਠ | 27 ੧੪ ਜੇਠ |
| ਸੋਮ MON | ❀ | 7 ੨੫ ਵੈਸਾਖ | 14 ੧ ਜੇਠ | 21 ੮ ਜੇਠ | 28 ੧੫ ਜੇਠ |
| ਮੰਗਲ TUE | 1 ੧੯ ਵੈਸਾਖ | 8 ੨੬ ਵੈਸਾਖ | 15 ੨ ਜੇਠ | 22 ੯ ਜੇਠ | 29 ੧੬ ਜੇਠ |
| ਬੁਧ WED | 2 ੨੦ ਵੈਸਾਖ | 9 ੨੭ ਵੈਸਾਖ | 16 ੩ ਜੇਠ | 23 ੧੦ ਜੇਠ | 30 ੧੭ ਜੇਠ |
| ਵੀਰ THU | 3 ੨੧ ਵੈਸਾਖ | 10 ੨੮ ਵੈਸਾਖ | 17 ੪ ਜੇਠ | 24 ੧੧ ਜੇਠ | 31 ੧੮ ਜੇਠ |
| ਸ਼ੁਕਰ FRI | 4 ੨੨ ਵੈਸਾਖ | 11 ੨੯ ਵੈਸਾਖ | 18 ੫ ਜੇਠ | 25 ੧੨ ਜੇਠ | ❀ |
| ਸ਼ਨੀ SAT | 5 ੨੩ ਵੈਸਾਖ | 12 ੩੦ ਵੈਸਾਖ | 19 ੬ ਜੇਠ | 26 ੧੩ ਜੇਠ | ❀ |

| JUNE | 2001 | | | | ਜੂਨ |
|---|---|---|---|---|---|
| ਐਤ SUN | ❀ | 3 ੨੧ ਜੇਠ | 10 ੨੮ ਜੇਠ | 17 ੪ ਹਾੜ | 24 ੧੧ ਹਾੜ |
| ਸੋਮ MON | ❀ | 4 ੨੨ ਜੇਠ | 11 ੨੯ ਜੇਠ | 18 ੫ ਹਾੜ | 25 ੧੨ ਹਾੜ |
| ਮੰਗਲ TUE | ❀ | 5 ੨੩ ਜੇਠ | 12 ੩੦ ਜੇਠ | 19 ੬ ਹਾੜ | 26 ੧੩ ਹਾੜ |
| ਬੁਧ WED | ❀ | 6 ੨੪ ਜੇਠ | 13 ੩੧ ਜੇਠ | 20 ੭ ਹਾੜ | 27 ੧੪ ਹਾੜ |
| ਵੀਰ THU | ❀ | 7 ੨੫ ਜੇਠ | 14 ੧ ਹਾੜ | 21 ੮ ਹਾੜ | 28 ੧੫ ਹਾੜ |
| ਸ਼ੁਕਰ FRI | 1 ੧੯ ਜੇਠ | 8 ੨੬ ਜੇਠ | 15 ੨ ਹਾੜ | 22 ੯ ਹਾੜ | 29 ੧੬ ਹਾੜ |
| ਸ਼ਨੀ SAT | 2 ੨੦ ਜੇਠ | 9 ੨੭ ਜੇਠ | 16 ੩ ਹਾੜ | 23 ੧੦ ਹਾੜ | 30 ੧੭ ਹਾੜ |


www.AKJ.Org

## JULY 2001 ਜੁਲਾਈ

| | | | | | |
|---|---|---|---|---|---|
| ਐਤ SUN | 1 ੧੮ ਹਾੜ | 8 ੨੫ ਹਾੜ | 15 ੩੨ ਹਾੜ | 22 ੭ ਸਾਵਣ | 29 ੧੪ ਸਾਵਣ |
| ਸੋਮ MON | 2 ੧੯ ਹਾੜ | 9 ੨੬ ਹਾੜ | 16 ੧ ਸਾਵਣ | 23 ੮ ਸਾਵਣ | 30 ੧੫ ਸਾਵਣ |
| ਮੰਗਲ TUE | 3 ੨੦ ਹਾੜ | 10 ੨੭ ਹਾੜ | 17 ੨ ਸਾਵਣ | 24 ੯ ਸਾਵਣ | 31 ੧੬ ਸਾਵਣ |
| ਬੁਧ WED | 4 ੨੧ ਹਾੜ | 11 ੨੮ ਹਾੜ | 18 ੩ ਸਾਵਣ | 25 ੧੦ ਸਾਵਣ | ❀ |
| ਵੀਰ THU | 5 ੨੨ ਹਾੜ | 12 ੨੯ ਹਾੜ | 19 ੪ ਸਾਵਣ | 26 ੧੧ ਸਾਵਣ | ❀ |
| ਸ਼ੁਕਰ FRI | 6 ੨੩ ਹਾੜ | 13 ੩੦ ਹਾੜ | 20 ੫ ਸਾਵਣ | 27 ੧੨ ਸਾਵਣ | ❀ |
| ਸ਼ਨੀ SAT | 7 ੨੪ ਹਾੜ | 14 ੩੧ ਹਾੜ | 21 ੬ ਸਾਵਣ | 28 ੧੩ ਸਾਵਣ | ❀ |

## AUGUST 2001 ਅਗਸਤ

| | | | | | |
|---|---|---|---|---|---|
| ਐਤ SUN | ❀ | 5 ੨੧ ਸਾਵਣ | 12 ੨੮ ਸਾਵਣ | 19 ੪ ਭਾਦਰੋਂ | 26 ੧੧ ਭਾਦਰੋਂ |
| ਸੋਮ MON | ❀ | 6 ੨੨ ਸਾਵਣ | 13 ੨੯ ਸਾਵਣ | 20 ੫ ਭਾਦਰੋਂ | 27 ੧੨ ਭਾਦਰੋਂ |
| ਮੰਗਲ TUE | ❀ | 7 ੨੩ ਸਾਵਣ | 14 ੩੦ ਸਾਵਣ | 21 ੬ ਭਾਦਰੋਂ | 28 ੧੩ ਭਾਦਰੋਂ |
| ਬੁਧ WED | 1 ੧੭ ਸਾਵਣ | 8 ੨੪ ਸਾਵਣ | 15 ੩੧ ਸਾਵਣ | 22 ੭ ਭਾਦਰੋਂ | 29 ੧੪ ਭਾਦਰੋਂ |
| ਵੀਰ THU | 2 ੧੮ ਸਾਵਣ | 9 ੨੫ ਸਾਵਣ | 16 ੧ ਭਾਦਰੋਂ | 23 ੮ ਭਾਦਰੋਂ | 30 ੧੫ ਭਾਦਰੋਂ |
| ਸ਼ੁਕਰ FRI | 3 ੧੯ ਸਾਵਣ | 10 ੨੬ ਸਾਵਣ | 17 ੨ ਭਾਦਰੋਂ | 24 ੯ ਭਾਦਰੋਂ | 31 ੧੬ ਭਾਦਰੋਂ |
| ਸ਼ਨੀ SAT | 4 ੨੦ ਸਾਵਣ | 11 ੨੭ ਸਾਵਣ | 18 ੩ ਭਾਦਰੋਂ | 25 ੧੦ ਭਾਦਰੋਂ | ❀ |

## SEPTEMBER 2001 ਸਤੰਬਰ

| | | | | | |
|---|---|---|---|---|---|
| ਐਤ SUN | 30 ੧੫ ਅੱਸੂ | 2 ੧੮ਭਾਦਰੋਂ | 9 ੨੫ ਭਾਦਰੋਂ | 16 ੧ ਅੱਸੂ | 23 ੮ ਅੱਸੂ |
| ਸੋਮ MON | ❀ | 3 ੧੯ਭਾਦਰੋਂ | 10 ੨੬ਭਾਦਰੋਂ | 17 ੨ ਅੱਸੂ | 24 ੯ ਅੱਸੂ |
| ਮੰਗਲ TUE | ❀ | 4 ੨੦ਭਾਦਰੋਂ | 11 ੨੭ਭਾਦਰੋਂ | 18 ੩ ਅੱਸੂ | 25 ੧੦ ਅੱਸੂ |
| ਬੁਧ WED | ❀ | 5 ੨੧ਭਾਦਰੋਂ | 12 ੨੮ਭਾਦਰੋਂ | 19 ੪ ਅੱਸੂ | 26 ੧੧ ਅੱਸੂ |
| ਵੀਰ THU | ❀ | 6 ੨੨ਭਾਦਰੋਂ | 13 ੨੯ਭਾਦਰੋਂ | 20 ੫ ਅੱਸੂ | 27 ੧੨ ਅੱਸੂ |
| ਸ਼ੁਕਰ FRI | ❀ | 7 ੨੩ਭਾਦਰੋਂ | 14 ੩੦ਭਾਦਰੋਂ | 21 ੬ ਅੱਸੂ | 28 ੧੩ ਅੱਸੂ |
| ਸ਼ਨੀ SAT | 1 ੧੭ਭਾਦਰੋਂ | 8 ੨੪ਭਾਦਰੋਂ | 15 ੩੧ਭਾਦਰੋਂ | 22 ੭ ਅੱਸੂ | 29 ੧੪ ਅੱਸੂ |

## OCTOBER 2001 ਅਕਤੂਬਰ

| | | | | | |
|---|---|---|---|---|---|
| ਐਤ SUN | ❀ | 7 ੨੨ ਅੱਸੂ | 14 ੨੯ ਅੱਸੂ | 21 ੫ ਕੱਤਕ | 28 ੧੨ ਕੱਤਕ |
| ਸੋਮ MON | 1 ੧੬ ਅੱਸੂ | 8 ੨੩ ਅੱਸੂ | 15 ੩੦ ਅੱਸੂ | 22 ੬ ਕੱਤਕ | 29 ੧੩ ਕੱਤਕ |
| ਮੰਗਲ TUE | 2 ੧੭ ਅੱਸੂ | 9 ੨੪ ਅੱਸੂ | 16 ੩੧ ਅੱਸੂ | 23 ੭ ਕੱਤਕ | 30 ੧੪ ਕੱਤਕ |
| ਬੁਧ WED | 3 ੧੮ ਅੱਸੂ | 10 ੨੫ ਅੱਸੂ | 17 ੧ ਕੱਤਕ | 24 ੮ ਕੱਤਕ | 31 ੧੫ ਕੱਤਕ |
| ਵੀਰ THU | 4 ੧੯ ਅੱਸੂ | 11 ੨੬ ਅੱਸੂ | 18 ੨ ਕੱਤਕ | 25 ੯ ਕੱਤਕ | ❀ |
| ਸ਼ੁਕਰ FRI | 5 ੨੦ ਅੱਸੂ | 12 ੨੭ ਅੱਸੂ | 19 ੩ ਕੱਤਕ | 26 ੧੦ ਕੱਤਕ | ❀ |
| ਸ਼ਨੀ SAT | 6 ੨੧ਅੱਸੂ | 13 ੨੮ ਅੱਸੂ | 20 ੪ ਕੱਤਕ | 27 ੧੧ ਕੱਤਕ | ❀ |

## NOVEMBER 2001 ਨਵੰਬਰ

| | | | | | |
|---|---|---|---|---|---|
| ਐਤ SUN | ❀ | 4 ੧੯ ਕੱਤਕ | 11 ੨੬ ਕੱਤਕ | 18 ੩ ਮਘਰ | 25 ੧੦ਮਘਰ |
| ਸੋਮ MON | ❀ | 5 ੨੦ ਕੱਤਕ | 12 ੨੭ ਕੱਤਕ | 19 ੪ ਮਘਰ | 26 ੧੧ ਮਘਰ |
| ਮੰਗਲ TUE | ❀ | 6 ੨੧ ਕੱਤਕ | 13 ੨੮ ਕੱਤਕ | 20 ੫ ਮਘਰ | 27 ੧੨ ਮਘਰ |
| ਬੁਧ WED | ❀ | 7 ੨੨ ਕੱਤਕ | 14 ੨੯ ਕੱਤਕ | 21 ੬ ਮਘਰ | 28 ੧੩ ਮਘਰ |
| ਵੀਰ THU | 1 ੧੬ ਕੱਤਕ | 8 ੨੩ਕੱਤਕ | 15 ੩੦ ਕੱਤਕ | 22 ੭ ਮਘਰ | 29 ੧੪ ਮਘਰ |
| ਸ਼ੁਕਰ FRI | 2 ੧੭ ਕੱਤਕ | 9 ੨੪ ਕੱਤਕ | 16 ੧ ਮਘਰ | 23 ੮ ਮਘਰ | 30 ੧੫ ਮਘਰ |
| ਸ਼ਨੀ SAT | 3 ੧੮ ਕੱਤਕ | 10 ੨੫ ਕੱਤਕ | 17 ੨ ਮਘਰ | 24 ੯ ਮਘਰ | ❀ |

## DECEMBER 2001 ਦਸੰਬਰ

| | | | | | |
|---|---|---|---|---|---|
| ਐਤ SUN | 30 ੧੬ਪੋਹ | 2 ੧੭ ਮਘਰ | 9 ੨੪ ਮਘਰ | 16 ੨ ਪੋਹ | 23 ੯ ਪੋਹ |
| ਸੋਮ MON | 31 ੧੭ ਪੋਹ | 3 ੧੮ ਮਘਰ | 10 ੨੫ ਮਘਰ | 17 ੩ ਪੋਹ | 24 ੧੦ ਪੋਹ |
| ਮੰਗਲ TUE | ❀ | 4 ੧੯ ਮਘਰ | 11 ੨੬ ਮਘਰ | 18 ੪ ਪੋਹ | 25 ੧੧ ਪੋਹ |
| ਬੁਧ WED | ❀ | 5 ੨੦ ਮਘਰ | 12 ੨੭ਮਘਰ | 19 ੫ ਪੋਹ | 26 ੧੨ ਪੋਹ |
| ਵੀਰ THU | ❀ | 6 ੨੧ ਮਘਰ | 13 ੨੮ ਮਘਰ | 20 ੬ ਪੋਹ | 27 ੧੩ ਪੋਹ |
| ਸ਼ੁਕਰ FRI | ❀ | 7 ੨੨ ਮਘਰ | 14 ੨੯ ਮਘਰ | 21 ੭ ਪੋਹ | 28 ੧੪ ਪੋਹ |
| ਸ਼ਨੀ SAT | 1 ੧੬ ਮਘਰ | 8 ੨੩ ਮਘਰ | 15 ੧ ਪੋਹ | 22 ੮ ਪੋਹ | 29 ੧੫ ਪੋਹ |



www.AKJ.Org

# ਈ: ਸੰਨ 2001 ਵਿਚ ਗੁਰਪੁਰਬ ਤੇ ਇਤਿਹਾਸਕ ਦਿਹਾੜੇ

(ਪੁਰਾਤਨ ਰਵਾਇਤ ਅਨੁਸਾਰ)

| | |
|---|---|
| ਪਾ: ੧੦ ਅਵਤਾਰ ਧਾਰਿਆ | ੨ ਜਨਵਰੀ |
| ਮੇਲਾ ਮਾਘੀ ਮੁਕਤਸਰ | 1੨ ਜਨਵਰੀ |
| ਜਨਮ ਬਾਬਾ ਦੀਪ ਸਿੰਘ ਜੀ ਸ਼ਹੀਦ | ੨6 ਜਨਵਰੀ |
| ਬਸੰਤ ਪੰਚਮੀ | ੨9 ਜਨਵਰੀ |
| ਪਾ: ੭ ਅਵਤਾਰ ਧਾਰਿਆ | 6 ਫ਼ਰਵਰੀ |
| ਜਨਮ ਭਗਤ ਰਵਿਦਾਸ ਜੀ | 8 ਫ਼ਰਵਰੀ |
| ਮੇਲਾ ਗੁਰੂ ਕਾ ਕੋਠਾ (ਅੰਮ੍ਰਿਤਸਰ) | 8 ਫ਼ਰਵਰੀ |
| ਸ਼ਹੀਦੀ ਬਾਬਾ ਦੀਪ ਸਿੰਘ ਜੀ ਸ਼ਹੀਦ | 9 ਫ਼ਰਵਰੀ |
| ਸ਼ਹੀਦੀ ਸਾਕਾ ਨਨਕਾਣਾ ਸਾਹਿਬ | ੨1 ਫ਼ਰਵਰੀ |
| ਹੋਲਾ ਮਹੱਲਾ (ਸ੍ਰੀ ਅਨੰਦਪੁਰ ਸਾਹਿਬ) | 10 ਮਾਰਚ |
| ਪਾ: ੭ ਗੁਰਿਆਈ ਮਿਲੀ | ੨੨ ਮਾਰਚ |
| ਪਾ: ੩ ਗੁਰਿਆਈ ਮਿਲੀ | ੨6 ਮਾਰਚ |
| ਪਾ: ੨ ਜੋਤੀ ਜੋਤਿ ਸਮਾਏ | ੨9 ਮਾਰਚ |
| ਪਾ: ੬ ਜੋਤੀ ਜੋਤਿ ਸਮਾਏ | 30 ਮਾਰਚ |
| ਪਾ: ੮ ਜੋਤੀ ਜੋਤਿ ਸਮਾਏ | 6 ਅਪ੍ਰੈਲ |
| ਪਾ: ੯ ਗੁਰਿਆਈ ਮਿਲੀ | 6 ਅਪ੍ਰੈਲ |
| ਪਾ: ੯ ਅਵਤਾਰ ਧਾਰਿਆ | 1੨ ਅਪਰੈਲ |
| ਪਾ: ੫ ਅਵਤਾਰ ਧਾਰਿਆ | 14 ਅਪਰੈਲ |
| ਪਾ: ੨ ਅਵਤਾਰ ਧਾਰਿਆ | ੨4 ਅਪਰੈਲ |
| ਵਿਸਾਖੀ | 13 ਅਪਰੈਲ |
| ਪਾ: ੩ ਅਵਤਾਰ ਧਾਰਿਆ | 6 ਮਈ |
| ਪਾ: ੬ ਗੁਰਿਆਈ ਮਿਲੀ | 15 ਮਈ |
| ਪਾ: ੫ ਜੋਤੀ ਜੋਤਿ ਸਮਾਏ | ੨6 ਮਈ |
| ਪਾ: ੬ ਅਵਤਾਰ ਧਾਰਿਆ | 7 ਜੂਨ |
| ਬਰਸੀ ਮਹਾਰਾਜਾ ਰਣਜੀਤ ਸਿੰਘ ਜੀ | ੨8 ਜੂਨ |
| ਪਾ: ੯ ਅਵਤਾਰ ਧਾਰਿਆ | 15 ਜੁਲਾਈ |
| ਸ਼ਹੀਦੀ ਸ: ਊਧਮ ਸਿੰਘ ਜੀ ਸ਼ਹੀਦ | 31 ਜੁਲਾਈ |
| ਮੇਲਾ ਬਾਬਾ ਬਕਾਲਾ | 4 ਅਗਸਤ |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ | 19 ਅਗਸਤ |
| ਪਾ: ੫ ਗੁਰਿਆਈ ਮਿਲੀ | ੨0 ਅਗਸਤ |
| ਪਾ: ੪ ਜੋਤੀ ਜੋਤਿ ਸਮਾਏ | ੨1 ਅਗਸਤ |
| ਬਾਬੇ ਦਾ ਵਿਆਹ, ਬਟਾਲਾ | ੨5 ਅਗਸਤ |
| ਜਨਮ ਬਾਬਾ ਸ੍ਰੀਚੰਦ ਜੀ ਉਦਾਸੀਨ | ੨7 ਅਗਸਤ |
| ਪਾ: ੪ ਗੁਰਿਆਈ ਮਿਲੀ | 31 ਅਗਸਤ |
| ਪਾ: ੩ ਜੋਤੀ ਜੋਤਿ ਸਮਾਏ | ੨ ਸਤੰਬਰ |
| ਮੇਲਾ ਸ੍ਰੀ ਗੋਇੰਦਵਾਲ ਸਾਹਿਬ | ੨ ਸਤੰਬਰ |
| ਬਰਸੀ ਬਾਬਾ ਬੁੱਢਾ ਸਾਹਿਬ ਜੀ | 5 ਸਤੰਬਰ |
| ਪਾ: ੨ ਗੁਰਿਆਈ ਮਿਲੀ | 8 ਸਤੰਬਰ |
| ਪਾ: ੧ ਜੋਤੀ ਜੋਤਿ ਸਮਾਏ | 13 ਸਤੰਬਰ |
| ਮੇਲਾ ਬੀੜ ਸਾਹਿਬ ਬਾਬਾ ਬੁੱਢਾ ਸਾਹਿਬ | 6 ਅਕਤੂਬਰ |
| ਪਾ: ੪ ਅਵਤਾਰ ਧਾਰਿਆ | 3 ਨਵੰਬਰ |
| ਪਾ: ੭ ਜੋਤੀ ਜੋਤਿ ਸਮਾਏ | 9 ਨਵੰਬਰ |
| ਪਾ: ੯ ਗੁਰਿਆਈ ਮਿਲੀ | 9 ਨਵੰਬਰ |
| ਬੰਦੀ ਛੋੜ ਦਿਵਸ | 14 ਨਵੰਬਰ |
| ਪਾ: ੧੦ ਜੋਤੀ ਜੋਤਿ ਸਮਾਏ | ੨0 ਨਵੰਬਰ |
| ਪਾ: ੧ ਅਵਤਾਰ ਧਾਰਿਆ | 30 ਨਵੰਬਰ |
| ਪਾ: ੧੦ ਗੁਰਿਆਈ ਮਿਲੀ | 17 ਦਸੰਬਰ |
| ਪਾ: ੯ ਜੋਤੀ ਜੋਤਿ ਸਮਾਏ | 19 ਦਸੰਬਰ |
| ਸ਼ਹੀਦੀ ਵੱਡੇ ਸਾਹਿਬਜ਼ਾਦੇ (ਚਮਕੌਰ) | ੨੨ ਦਸੰਬਰ |
| ਸ਼ਹੀਦੀ ਛੋਟੇ ਸਾਹਿਬਜ਼ਾਦੇ (ਸਰਹਿੰਦ) | ੨6 ਦਸੰਬਰ |

## ਸੂਰਾ ਪੱਤਰ ਵਿਚ ਸ਼ੁਰੂ ਕੀਤੇ ਜਾ ਰਹੇ ਨਵੇਂ ਕਾਲਮ

ਬਹੁਤ ਸਾਰੇ ਪਾਠਕਾਂ ਦੇ ਨਿਗਰ ਸੁਝਾਅ ਨੂੰ ਧਿਆਨ ਵਿਚ ਰਖਦੇ ਹੋਏ ਸੂਰਾ ਪੱਤਰ ਨੂੰ ਹੋਰ ਬੁਲੰਦੀਆਂ ਤੇ ਪਹੁੰਚਾਉਣ ਲਈ ਨਵੇਂ ਕਾਲਮ ਵਰਗ ਪਹੇਲੀ (ਬੱਚਿਆ ਲਈ) ਅਤੇ ਪ੍ਰੀਤ ਸੁਨੇਹੜੇ (ਪਾਠਕਾਂ ਦੇ ਪੱਤਰ) ਸ਼ੁਰੂ ਕੀਤੇ ਜਾ ਰਹੇ ਹਨ ਆਸ ਹੈ ਪਾਠਕਾ ਇਹਨਾਂ ਕਾਲਮਾ ਪ੍ਰਤੀ ਵੀ ਨਿੱਘਾ ਸਹਿਯੋਗ ਦੇਕੇ ਸੇਵਾਦਾਰਾ ਦਾ ਉਤਸ਼ਾਹ ਵਧਾਉਣਗੇ ਪ੍ਰੀਤ ਸੁਨੇਹੜੇ ਵਿਚ ਭੇਜਣ ਵਾਲੇ ਖਤਾ ਸਬੰਧੀ ਹੇਠ ਲਿਖਿਆ ਗੱਲਾਂ ਦਾ ਵਿਸ਼ੇਸ਼ ਖਿਆਲ ਰੱਖਿਆ ਜਾਵੇ:-

1 ਖਤ ਸੂਰਾ ਵਿਚ ਛਪੀ ਸਮੱਗਰੀ ਪ੍ਰਤੀ ਹੀ ਹੋਣ।

੨ ਲੇਖਾਂ ਦੀ ਪੜਚੋਲ ਕਰਨ ਲੱਗਿਆਂ ਗੁਰਮਤਿ ਦ੍ਰਿਸ਼ਟੀਕੋਣ ਨੂੰ ਮੁੱਖ ਰੱਖਿਆ ਜਾਵੇ। ਹਵਾਲੇ ਅਤੇ ਪ੍ਰਮਾਣਾਂ ਦਾ ਪੂਰਾ ਵਿਸਥਾਰ ਦਿੱਤਾ ਜਾਵੇ।

3 ਖਤ ਭੇਜਣ ਵਾਲੇ ਦਾ ਪੂਰਾ ਨਾ ਪਤਾ ਲਿਖਿਆ ਹੋਇਆ ਹੋਵੇ।

4 ਖਤ ਸੰਖੇਪ ਵਿਚ ਹੀ ਕੇਵਲ ਵਿਸ਼ੇ ਨੂੰ ਸੇਧਤ ਹੋਣ।

5 ਖਤਾਂ ਨੂੰ ਐਡਿਟ ਕਰਨ ਛਾਪਣ ਜਾਂ ਨਾ ਛਾਪਣ ਦਾ ਅਧਿਕਾਰ ਸੂਰਾ ਸੰਪਾਦਕ ਨੂੰ ਹੈ।



www.AKJ.Org

# ਆਉਣ ਵਾਲੇ ਸਮਾਗਮ

## ਗੁਰਦਾਸਪੁਰ ਵਿਖੇ ਰੈਣਿ ਸਬਾਈ ਕੀਰਤਨ

ਗੁ: ਸ੍ਰੀ ਗੁਰੂ ਸਿੰਘ ਸਭਾ ਜੇਲ ਰੋਡ ਵਿਖੇ 6 ਜਨਵਰੀ 2001 ਸ਼ਨੀਵਾਰ ਰਾਤ ਨੂੰ ਕੀਰਤਨ ਅਖਾੜੇ ਸਜਣਗੇ।

## ਪਿੰਡ ਦੁੱਗਰੀ (ਲੁਧਿਆਣਾ) ਵਿਖੇ ਦਿਵਸ ਸੁਹੇਲਾ ਕੀਰਤਨ ਸਮਾਗਮ

ਭਾਈ ਅਮਰਜੀਤ ਸਿੰਘ ਦੇ ਗ੍ਰਹਿ (ਨੇੜੇ ਪ੍ਰੇਮ ਦੀ ਚੱਕੀ) ਵਿਖੇ 14 ਜਨਵਰੀ ਸਵੇਰ ਤੋਂ ਦੁਪਹਿਰ ਤੱਕ ਕੀਰਤਨ ਹੋਣਗੇ ।

ਭੀਲੋਵਾਲ (ਨੇੜੇ ਖੁਜ਼ਾਲਾ) ਅੰਮ੍ਰਿਤਸਰ ਵਿਖੇ ਰੈਣਿ ਸਬਾਈ ਕੀਰਤਨ 13 ਜਨਵਰੀ ਰਾਤ ਨੂੰ।

## ਬਠਿੰਡਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ 25 ਤੋਂ 28 ਜਨਵਰੀ

25-1-2001 ਸਵੇਰੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਸ਼ਾਮ N.F.L. ਕਾਲੋਨੀ ਵਿਖੇ ਕੀਰਤਨ

26-1-2001 ਸਵੇਰ ਗੁ: ਕਿਲਾ ਮੁਬਾਰਕ ਅਤੇ ਸ਼ਾਮ ਗੁ: ਥਰਮਲ ਕਲੋਨੀ ਵਿਖੇ।

27-1-2001 ਸਵੇਰੇ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਕੀਰਤਨ ਦੁਪਹਿਰ ਤੱਕ।
ਸ਼ਾਮ ਸੋਦਰ ਉਪਰੰਤ ਰੈਣਿ ਸਬਾਈ ਆਰੰਭ ਗੁ: ਸ੍ਰੀ ਗੁਰੂ ਸਿੰਘ ਸਭਾ ਬਠਿੰਡਾ ਵਿਖੇ।
(ਪੁੱਛ ਗਿੱਛ ਭਾਈ ਗੋਬਿੰਦ ਸਿੰਘ ਜੀ ਟੈਲੀਫੋਨ 217743)

ਗੁ: ਬਿਬੇਕਸਰ ਸਾਹਿਬ ਅੰਮ੍ਰਿਤਸਰ ਵਿਖੇ ਮਾਸਿਕ ਰੈਣਿ ਸਬਾਈ ਕੀਰਤਨ 27 ਜਨਵਰੀ ਰਾਤ ਨੂੰ

ਪਿੰਡ ਘੁਮਾਣ (ਲੁਧਿਆਣਾ) ਗੁ: ਸਾਹਿਬ ਵਿਖੇ ਰੈਣਿ ਸਬਾਈ ਕੀਰਤਨ 3 ਫਰਵਰੀ ਰਾਤ ਨੂੰ।

## ਪਿੰਡ ਝਾਂਡੇ (ਲੁਧਿਆਣਾ) ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਡਾ: ਗੁਰਚਰਨ ਸਿੰਘ ਦੇ ਗ੍ਰਹਿ ਵਿਖੇ 4 ਫਰਵਰੀ ਐਤਵਾਰ ਸਵੇਰ ਤੋਂ ਦੁਪਹਿਰ ਤੱਕ ਕੀਰਤਨ ਗੁੰਜਾਰਾਂ ਪੈਣਗੀਆਂ ਆਇ ਦੀਦਾਰੇ ਬਖਸ਼ੋ ਜੀ। ਟੈਲੀਫੋਨ 805302

## ਰਾਜਾਸਾਂਸੀ (ਅੰਮ੍ਰਿਤਸਰ)ਵਿਖੇ ਅਖੰਡ ਕੀਰਤਨ ਸਮਾਗਮ

ਭਾਈ ਪੂਨਾਮ ਸਿੰਘ ਜੀ ਦੀ ਬੱਚੀ ਦੇ ਅਨੰਦ ਕਾਰਜਾਂ ਸਬੰਧੀ ਤਿਨ੍ਹਾਂ ਦੇ ਗ੍ਰਹਿ 4 ਫਰਵਰੀ ਸਵੇਰ ਤੋਂ ਦੁਪਹਿਰ ਤੱਕ ਅਖੰਡ ਕੀਰਤਨ ਸਜਣਗੇ ।ਟੈਲੀਫੋਨ 01859-33487

## ਬਸੰਤ ਪੰਚਮੀ ਦਾ ਸਾਲਾਨਾ ਕੇਂਦਰੀ ਕੀਰਤਨ ਸਮਾਗਮ ਪਟਿਆਲਾ ਵਿਖੇ

ਗੁ: ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਹਰ ਸਾਲ ਦੀ ਤਰਾਂ ਹੇਠ ਲਿਖੇ ਅਨੁਸਾਰ ਕੀਰਤਨ ਸਮਾਗਮ ਰਚਾਏ ਜਾ ਰਹੇ ਹਨ। ਆਇ ਦੀਦਾਰ ਬਖਸ਼ੋ ਜੀ:-

8 ਫਰਵਰੀ ਸਵੇਰੇ 4 ਤੋਂ 8 ਕੀਰਤਨ ਉਪਰੰਤ ਆਰੰਭ ਅਖੰਡ ਪਾਠ ਸਾਹਿਬ (ਗੁ ਸਾਹਿਬ ਦੇ ਨਾਲ ਸਕੂਲ ਵਿਖੇ)
ਸ਼ਾਮ 3 ਵਜੇ ਤੋਂ ਰਾਤ ਸਮਾਪਤੀ ਤੱਕ ਹਜ਼ੂਰੀ ਅਖੰਡ ਕੀਰਤਨ।

9 ਫਰਵਰੀ ਸਵੇਰੇ 5 ਤੋਂ ਦੁਪਹਿਰ ਤੱਕ ਹਜ਼ੂਰੀ ਅਖੰਡ ਕੀਰਤਨ
ਸ਼ਾਮ 3 ਵਜੇ ਤੋਂ ਰਾਤ ਸਮਾਪਤੀ ਤੱਕ ਹਜ਼ੂਰੀ ਅਖੰਡ ਕੀਰਤਨ

10ਫਰਵਰੀ ਸ਼ਨੀਵਾਰ ਸਵੇਰੇ 4 ਵਜੇ ਭੋਗ ਸ੍ਰੀ ਆਖੰਡ ਪਾਠ ਸਾਹਿਬ ਸਕੂਲ ਵਿਖੇ ਉਪਰੰਤ 5 ਵਜੇ ਤੋਂ ਦੁਪਹਿਰ ਤਕ ਹਜ਼ੂਰੀ ਕੀਰਤਨ। ਸ਼ਾਮ 3 ਤੋਂ ਸੋਦਰ ਤੱਕ ਹਜ਼ੂਰੀ ਕੀਰਤਨ ਉਪਰੰਤ 7 ਵਜੇ ਆਰੰਭ ਰੈਣਿ ਸਬਾਈ ਕੀਰਤਨ ਦੀਵਾਨ ਹਾਲ ਵਿਖੇ।

11ਫਰਵਰੀ ਐਤਵਾਰ ਸਵੇਰੇ 5 ਵਜੇ ਭੋਗ ਰੈਣਿ ਸਬਾਈ ਕੀਰਤਨ

ਅੰਮ੍ਰਿਤ ਸੰਚਾਰ:- ਸ੍ਰੀ ਅਖੰਡ ਸਾਂਹਿਬ ਵਾਲੇ ਹਾਲ ਵਿਚ ਹੀ 10 ਫਰਵਰੀ ਸ਼ਾਮ 7 ਵਜੇ ਅੰਮ੍ਰਿਤ ਸੰਚਾਰ ਆਰੰਭ ਹੋਵੇਗਾ। ਅਭਿਲਾਖੀ ਸੱਜਣ ਤਿਆਰ-ਬਰ-ਤਿਆਰ ਹੋ ਕੇ ਸਮੇਂ ਸਿਰ ਪਹੁੰਚਣ।

ਰਿਹਾਇਸ਼ ਤੇ ਲੰਗਰ ਦਾ ਸਮੁੱਚਾ ਪ੍ਰਬੰਧ ਗੁ: ਦੂਖ ਨਿਵਾਰਨ ਸਾਹਿਬ ਵਿਖੇ ਹੀ ਹੋਵੇਗਾ ਲੋੜ ਅਨੁਸਾਰ ਬਿਸਤਰੇ ਨਾਲ ਲਿਆਉ ਜੀ।

ਦਾਸਰੇ: ਅਖੰਡ ਕੀਰਤਨੀ ਜੱਥਾ ਪਟਿਆਲਾ

## ਪਿੰਡ ਮਾਲੋਵਾਲ (ਨੇੜੇ ਜੰਡਿਆਲਾ) ਵਿਖੇ ਰੈਣਿ ਸਬਾਈ ਕੀਰਤਨ ਸਮਾਗਮ

ਭਾਈ ਅਮਨਦੀਪ ਸਿੰਘ ਦੇ ਗ੍ਰਹਿ 17 ਫਰਵਰੀ ਰਾਤ ਰੈਣਿ ਸਬਾਈ ਕੀਰਤਨ ਹੋਣਗੇ। ਟੈਲੀ:01853-652204

www.AKJ.Org

R.N.I. No. 12245/66 SURA-JAN., 2001 P.O. Regd. No. PB/0195/2000

# ਗੁਰਦੁਆਰਾ ਦਰਬਾਰ ਸਾਹਿਬ, ਮੁਕਤਸਰ



ਟੁੱਟੀ ਗੰਢਵਾਉਣ ਵਾਲੇ ਚਾਲ੍ਹੀ ਸਿੰਘਾਂ ਦੀ ਯਾਦਗਾਰ। ਜਿਹੜੇ ਭੁੱਲ ਬਖਸ਼ਵਾ ਕੇ ਟੁੱਟੀ ਗੰਢਵਾਉਣ ਪਿਛੋਂ ਮੁਕਤੇ ਅਖਵਾਏ।
ਆਓ ਆਪਾਂ ਵੀ ਸਮਾਂ ਰਹਿੰਦਿਆਂ ਆਪਣੀ ਕਹਿਣੀ ਰਹਿਣੀ ਵਿਚ ਗੁਰਮਤਿ ਮਾਰਗ ਅਪਨਾ ਕੇ ਆਪਣੀ ਟੁੱਟੀ
ਗੰਢਵਾ ਲਈਏ ਤਾਂ ਕਿ ਧਰਮ ਰਾਇ ਦੇ ਦਰ ਤੇ ਮੂੰਹ ਦਿਖਾਉਣ ਜੋਗੇ ਹੋ ਜਾਈਏ।

SURA (Monthly) Kothi No. 12, Block-1. BHAI RANDHIR SINGH NAGAR, LUDHIANA-141 004

www.AKJ.Org